ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ (ਜਲੰਧਰ)

ਮਿਤੀ- ਬੁੱਧਵਾਰ 06-04-2022

Gmail lokbani08@gmail.com

Website www.Lokbani.com

ਮੁੱਖ ਸੰਪਾਦਕ:- ਅਮਨ ਮਹਿਰਾ

R.N.I. Punpun/29016/2008 ✲ ਸਾਲ : 14 ✲ ਅੰਕ : 394 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
ਸੰਪਰਕ:- 99155-94111

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

# ਯੂਕਰੇਨ ਯੁੱਧ ਦੌਰਾਨ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਹੋਈ- ਰੂਸ



## ਪੋਲਿਆਂਸਕੀ ਨੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀ ਸੰਭਾਵਨਾ ਤੋਂ ਇਨਕਾਰ




ਸੰਯੁਕਤ ਰਾਸ਼ਟਰ ਵਿਚ ਰੂਸ ਦੇ ਪਹਿਲੇ ਉਪ ਸਥਾਈ ਪ੍ਰਤੀਨਿਧੀ ਦਮਿਤਰੀ ਪੋਲਿਆਂਸਕੀ ਨੇ ਯੂਕ੍ਰੇਨ ਖ਼ਿਲਾਫ਼ ਕਿਸੇ ਵੀ ਸਥਿਤੀ ਵਿਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਪੋਲਿਆਂਸਕੀ ਨੇ ਸੰਯੁਕਤ ਰਾਸ਼ਟਰ ਨਿਸ਼ਸਤਰੀਕਰਨ ਕਮਿਸ਼ਨ ਦੀ ਮੀਟਿੰਗ ਵਿੱਚ ਕਿਹਾ ਕਿ ਅੱਜ ਅਟਕਲਾਂ ਦੇ ਉਲਟ ਰੂਸ ਦੁਆਰਾ ਪ੍ਰਮਾਣੂ ਸਮਰੱਥਾ ਦੀ ਵਰਤੋਂ ਉਸ ਦੇ ਅਤੇ ਉਸ ਦੇ ਸਹਿਯੋਗੀਆਂ ਦੇ ਵਿਰੁੱਧ ਪ੍ਰਮਾਣੂ ਅਤੇ ਹੋਰ ਕਿਸਮ ਦੇ ਡਬਲਯੂਐਮਡੀ (ਸਮੂਹਿਕ ਵਿਨਾਸ਼ ਦੇ ਹਥਿਆਰ) ਦੀ ਵਰਤੋਂ ਦੇ ਜਵਾਬ ਵਿਚ ਜਾਂ ਸਾਡੇ ਦੇਸ਼ ਵਿਰੁੱਧ ਹਮਲੇ ਦੀ ਸਥਿਤੀ ਵਿੱਚ ਹੀ ਸੰਭਵ ਹੈ। ਉਹਨਾਂ ਮੁਤਾਬਕ ਪਰੰਪਰਾਗਤ ਹਥਿਆਰਾਂ ਦੀ ਵਰਤੋਂ ਉਦੋਂ ਕੀਤੀ ਜਾਵੇਗੀ ਜਦੋਂ ਰਾਜ ਦੀ ਹੋਂਦ ਨੂੰ ਖ਼ਤਰਾ ਹੋਵੇਗਾ। ਉਹਨਾਂ ਨੇ ਕਿਹਾ ਕਿ ਇਹ ਮਾਪਦੰਡ ਕਿਸੇ ਵੀ ਤਰ੍ਹਾਂ ਯੂਕ੍ਰੇਨ ਵਿੱਚ ਮੌਜੂਦਾ ਸਥਿਤੀ ਵਿੱਚ ਲਾਗੂ ਨਹੀਂ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਰੂਸ ਇਸ ਸਿਧਾਂਤ ਦੀ ਦ੍ਰਿੜਤਾ ਨਾਲ ਪਾਲਣਾ ਕਰਦਾ ਹੈ ਕਿ ਪ੍ਰਮਾਣੂ ਯੁੱਧ ਵਿੱਚ ਕੋਈ ਵੀ ਜੇਤੂ ਨਹੀਂ ਹੋ ਸਕਦਾ ਅਤੇ ਇਸ ਨੂੰ ਜਾਰੀ ਨਹੀਂ ਕੀਤਾ ਜਾਣਾ ਚਾਹੀਦਾ।ਪੋਲਿਆਂਸਕੀ ਨੇ ਕਿਹਾ ਕਿ ਰੂਸ ਵੱਲੋਂ ਯੂਕ੍ਰੇਨ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਕਥਿਤ ਸੰਭਾਵਨਾ ਬਾਰੇ ਦਾਅਵਿਆਂ ਦਾ ਕੋਈ ਤਰਕਸੰਗਤ ਆਧਾਰ ਨਹੀਂ ਹੈ।



## ਕੁਵੈਤ 'ਚ ਸਿਆਸੀ ਸੰਕਟ ਸਰਕਾਰ ਨੇ ਦਿੱਤਾ ਅਸਤੀਫਾ

**ਦੁਬਈ/ਲੋਕ ਬਾਣੀ**

ਕੁਵੈਤ ਦੀ ਸਰਕਾਰ ਨੇ ਆਪਣੇ ਗਠਨ ਦੇ ਕੁਝ ਮਹੀਨਿਆਂ ਬਾਅਦ ਹੀ ਮੰਗਲਵਾਰ ਨੂੰ ਅਸਤੀਫ਼ਾ ਦੇ ਦਿੱਤਾ। ਇਸ ਦੇ ਨਾਲ ਹੀ ਇਸ ਦੇਸ਼ @ਚ ਸਿਆਸੀ ਸੰਕਟ ਡੂੰਘਾ ਹੋ ਗਿਆ ਹੈ, ਜਿਸ ਦੇ ਚੱਲਦੇ ਕਈ ਅਹਿਮ ਆਰਥਿਕ ਅਤੇ ਸਮਾਜਿਕ ਸੁਧਾਰ ਲਟਕ ਗਏ ਹਨ। ਸਰਕਾਰੀ ਸਮਾਚਾਰ ਏਜੰਸੀ @ਕੁਨਾ@ ਦੀ ਰਿਪੋਰਟ ਮੁਤਾਬਕ, ਕੁਵੈਤ ਦੇ ਪ੍ਰਧਾਨ ਮੰਤਰੀ ਸ਼ੇਖ਼ ਸਬਾਹ ਅਲ-ਖਾਲਿਦ ਅਲ ਹਮਦ ਅਲ-ਸਬਾਹ ਨੇ ਮੰਤਰੀ ਮੰਡਲ ਦਾ ਅਸਤੀਫ਼ਾ ਸ਼ਹਿਜ਼ਾਦੇ ਨੂੰ ਸੌਂਪ ਦਿੱਤਾ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਅਲ ਸਬਾਹ ਦੀ ਅਗਵਾਈ ਵਾਲੀ ਸਰਕਾਰ ਨੂੰ ਇਸ ਹਫ਼ਤੇ ਦੇ ਆਖ਼ਿਰ @ਚ ਸੰਸਦ @ਚ ਅਵਿਸ਼ਵਾਸ ਪ੍ਰਸਤਾਵ ਦਾ ਸਾਹਮਣਾ ਕਰਨਾ ਸੀ ਜਿਸ ਤੋਂ ਪਹਿਲਾਂ ਸਰਕਾਰ ਨੇ ਅਸਤੀਫ਼ਾ ਦੇ ਦਿੱਤਾ। ਪਿਛਲੇ ਡੇਢ ਸਾਲ @ਚ ਕੁਵੈਤ ਦੀ ਤੀਸਰੀ ਸੰਯੁਕਤ ਸਰਕਾਰ ਨੇ ਅਸਤੀਫ਼ਾ ਦਿੱਤਾ ਹੈ। ਵਿਰੋਧੀ ਧਿਰ ਸਬਾਹ ਸਰਕਾਰ ਵਿਰੁੱਧ ਲਗਾਤਾਰ ਮੋਰਚਾਬੰਦੀ ਕਰ ਰਿਹਾ ਸੀ।



## ਰੂਸ ਨੇ ਲਾਇਆ ਕਈ ਵੀਜ਼ਾ ਪਾਬੰਦੀਆਂ

**ਮਾਸਕੋ/ਲੋਕ ਬਾਣੀ**

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਗੈਰ-ਦੋਸਤਾਨਾ ਦੇਸ਼ਾਂ ਦੇ ਨਾਗਰਿਕਾਂ ਲਈ ਵੀਜ਼ਾ ਪਾਬੰਦੀਆਂ ਦੀ ਸ਼ੁਰੂਆਤ ਕਰਨ ਵਾਲੇ ਇੱਕ ਫ਼ਰਮਾਨ 'ਤੇ ਹਸਤਾਖਰ ਕੀਤੇ ਹਨ।ਕ੍ਰੇਮਲਿਨ ਨੇ ਇਹ ਜਾਣਕਾਰੀ ਦਿੱਤੀ। ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਇਸ ਫ਼ਰਮਾਨ ਵਿਚ ਅੱਗੇ ਕਿਹਾ ਗਿਆ ਹੈ ਕਿ ਇਹ ਫ਼ੈਸਲਾ ਯੂਕ੍ਰੇਨ ਵਿੱਚ ਰੂਸ ਦੀ ਚੇਤਾਵਨੀ ਦੇ ਵਿਰੁੱਧ ਯੂਰਪੀਅਨ ਯੂਨੀਅਨ (ਈਯੂ) ਦੁਆਰਾ ਚੁੱਕੇ ਗਏ ਦੁਸ਼ਮਣੀ ਭਰਪੂਰ ਉਪਾਵਾਂ ਦੇ ਬਦਲੇ ਵਜੋਂ ਲਿਆ ਗਿਆ ਹੈ।

## ਜਲੰਧਰ ਜਿਲ੍ਹੇ 'ਚ ਕਿਸਾਨ ਮਜਦੂਰ ਸੰਘਰਸ਼ ਕਮੇਟੀ ਲਾਇਆ ਧਰਨਾ

**ਜਲੰਧਰ/ਹਰਬੰਸ ਬਿੱਟੂ**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵਲੋਂ ਸ਼ਾਹਕੋਟ ਇਲਾਕੇ 'ਚ ਵੱਧ ਰਹੀਆਂ ਚੋਰੀਆਂ ਦੀਆਂ ਵਾਰਦਾਤਾਂ ਕਰਨ ਵਾਲੇ ਮਾੜੇ ਅਨਸਰਾਂ ਖ਼ਿਲਾਫ਼ ਪੁਲਿਸ ਵਲੋਂ ਵਰਤੀ ਜਾ ਰਹੀ ਢਿੱਲੀ ਕਾਰਗੁਜ਼ਾਰੀ ਅਤੇ ਕਿਸਾਨਾਂ ਮਜ਼ਦੂਰਾਂ ਤੇ ਝੂ ਠੇ ਪਰਚੇ ਦਰਜ ਕਰਨ ਸਮੇਤ ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਧੱਕੇ ਨਾਲ ਬੌਂਡ ਕਰਨ ਦੇ ਵਿਰੋਧ 'ਚ ਸ਼ਾਹਕੋਟ ਪੁਲਿਸ ਸਟੇਸ਼ਨ ਸਾਹਮਣੇ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ ਗਿਆ। ਇਸ ਧਰਨੇ 'ਚ ਕਿਸਾਨ ਮਜ਼ਦੂਰ, ਦੁਕਾਨਦਾਰ, ਵਿਦਿਆਰਥੀ, ਬੀਬੀਆਂ, ਬੱਚੇ, ਨੌਜਵਾਨ ਅਤੇ ਬਜ਼ੁਰਗ ਵੱਡੀ ਗਿਣਤੀ 'ਚ ਸ਼ਾਮਿਲ ਹੋਏ।



## ਭਾਰਤ ਸਰਕਾਰ ਨੇ ਕੀਤੇ ਕਈ ਯੂ-ਟਿਊਬ ਚੈਨਲ ਬੰਦ




**ਦਿੱਲੀ/ਕਪੂਰ**

ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ 22 ਯੂ-ਟਿਊਬ-ਆਧਾਰਿਤ ਨਿਊਜ਼ ਚੈਨਲਾਂ ਨੂੰ ਬਲੌਕ ਕਰਨ ਦੇ ਹੁਕਮ ਦਿੱਤੇ ਹਨ, ਜਿਨ੍ਹਾਂ ਵਿੱਚੋਂ ਚਾਰ ਪਾਕਿਸਤਾਨ ਦੇ ਹਨ। ਇਨ੍ਹਾਂ 'ਤੇ ਦੋਸ਼ ਲਗਾਇਆ ਹੈ ਕਿ ਉਹ ਫ਼ਰਜ਼ੀ ਖ਼ਬਰਾਂ ਫੈਲਾ ਰਹੇ ਹਨ, ਜੋ ਰਾਸ਼ਟਰੀ ਸੁਰੱਖਿਆ, ਵਿਦੇਸ਼ੀ ਸਬੰਧਾਂ ਅਤੇ ਜਨਤਕ ਵਿਵਸਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

## ਜੈਸਲਮੇਰ ਵਿੱਚ ਵੱਡਾ ਹਾਦਸਾ 3 ਦੀ ਮੌਤ ਕਈ ਜਖਮੀ



**ਜੈਸਲਮੇਰ/ਲੋਕ ਬਾਣੀ**

ਜੈਸਲਮੇਰ 'ਚ ਇਕ ਬੱਸ ਦੇ ਕਰੰਟ ਦੀ ਲਪੇਟ @ਚ ਆਉਣ ਕਾਰਨ 3 ਲੋਕਾਂ ਦੀ ਮੌਤ ਅਤੇ 6 ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਸੰਬੰਧੀ ਜੈਸਲਮੇਰ ਦੇ ਐੱਸ.ਪੀ. ਨੇ ਦੱਸਿਆ ਕਿ ਜਦੋਂ ਬੱਸ ਨਿਕਲ ਰਹੀ ਸੀ ਤਾਂ ਉਸ ਸਮੇਂ ਸੜਕ ਦੇ ਉਪਰ ਬਿਜਲੀ ਦੀ ਤਾਰ ਬੱਸ ਨਾਲ ਲੱਗ ਗਈ, ਜਿਸ ਕਾਰਨ ਇਹ ਬੱਸ ਕਰੰਟ ਦੀ ਲਪੇਟ 'ਚ ਆ ਗਈ। ਇਸ ਸੰਬੰਧੀ ਐੱਸ.ਪੀ. ਦਾ ਕਹਿਣਾ ਹੈ ਕਿ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

## ਬਟਾਲਾ ਤੋਂ ਇੰਚਾਰਜ ਦੀ ਨਿਯੁਕਤੀ



ਰੋਜ਼ਾਨਾ ਲੋਕ ਬਾਣੀ ਅਖਬਾਰ ਵੱਲੋਂ ਸੁਖਨਾਮ ਸਿੰਘ ਨੂੰ ਬਟਾਲਾ ਤੋਂ ਇੰਚਾਰਜ ਨਿਯੁਕਤ ਕੀਤਾ ਜਾਂਦਾ ਹੈ ।ਖਬਰਾ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ । ਮੋ:- 94788-16377

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਖ਼ਾਲਸਾ ਸਾਜਨਾ ਦਿਵਸ ਵੈਸਾਖੀ ਮੌਕੇ ਬੰਦੀ ਸਿੰਘਾਂ ਨੂੰ ਰਿਹਾਅ ਕਰੇ ਭਾਰਤ ਸਰਕਾਰ

**ਤਲਵੰਡੀ ਸਾਬੋ/ਲੋਕ ਬਾਣੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਤੇ ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਕੈਦ ਸਿੰਘਾਂ ਨੂੰ ਖ਼ਾਲਸਾ ਸਾਜਨਾ ਦਿਵਸ ਵੈਸਾਖੀ ਮੌਕੇ ਰਿਹਾਅ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ ਦਿਹਾੜੇ ਮੌਕੇ ਭਾਰਤ ਸਰਕਾਰ ਵੱਲੋਂ ਸਿੱਖ ਬੰਦੀਆਂ ਦੀ ਰਿਹਾਈ ਦਾ ਐਲਾਨ ਕੀਤਾ ਸੀ ਜੋ ਅਜੇ ਤਕ ਅਮਲ ਵਿਚ ਨਹੀਂ ਆਇਆ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਵੱਲੋਂ ਖ਼ਾਲਸਾ ਸਾਜਨਾ ਦਿਵਸ ਵੈਸਾਖੀ ਦਾ ਦਿਹਾੜਾ 14 ਅਪ੍ਰੈਲ ਨੂੰ ਮਨਾਇਆ ਜਾ ਰਿਹਾ ਹੈ, ਇਸ ਮੌਕੇ ਭਾਰਤ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਦੀ ਪਹਿਲ ਕਦਮੀ ਕਰਨੀ ਚਾਹੀਦੀ ਹੈ।



ਉਨ੍ਹਾਂ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਿਚ ਅੜਿੱਕਾ ਬਣੀ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਵੀ ਸਵਾਲਾਂ ਦੇ ਘੇਰੇ ਵਿਚ ਲੈਂਦਿਆਂ ਕਿਹਾ ਕਿ ਕੇਜਰੀਵਾਲ ਸਿੱਖਾਂ ਨੂੰ ਕਦੇ ਵੀ ਇੰਨਸਾਫ ਨਹੀਂ ਦੇ ਸਕਦਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਜੇਕਰ ਸਿੱਖ ਹਮਾਇਤੀ ਹੁੰਦਾ ਤਾਂ ਉਹ ਪ੍ਰੋ: ਭੁੱਲਰ ਦੀ ਰਿਹਾਈ ਵਿਚ ਹਾਂ ਪੱਖੀ ਫੈਸਲਾ ਲੈਂਦਾ।ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਖੁੱਦ ਬੰਦੀ ਸਿੱਖਾਂ ਦੀ ਰਿਹਾਈ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ, ਸ. ਬਲਵੰਤ ਸਿੰਘ ਰਾਜੋਆਣਾ ਅਤੇ ਸ. ਜਗਤਾਰ ਸਿੰਘ ਹਵਾਰਾ ਸਮੇਤ ਹੋਰ ਸਿੱਖ ਕੈਦੀ ਜੋ ਲਗਭਗ 30-30 ਸਾਲ ਦੇ ਵੱਧ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਹਨ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ।

ਦੱਸਣਯੋਗ ਹੈ ਕਿ ਲੰਘੀ 30 ਮਾਰਚ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਇਜਲਾਸ ਦੌਰਾਨ ਵੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦਾ ਮਤਾ ਪਾਸ ਕਰਕੇ ਸਰਕਾਰ ਨੂੰ ਭੇਜਿਆ ਗਿਆ ਸੀ।

# ਈ.ਡੀ. ਦੀ ਵੱਡੀ ਕਾਰਵਾਈ, ਸਤੇਂਦਰ ਜੈਨ ਦੇ ਪਰਿਵਾਰ ਤੇ ਸੰਜੇ ਰਾਉਤ ਦੀ ਪਤਨੀ ਦੀ ਕਰੋੜਾਂ ਦੀ ਜਾਇਦਾਦ ਕੁਰਕ

**ਨਵੀਂ ਦਿੱਲੀ/ਲੋਕ ਬਾਣੀ**




ਇਨਫੋਰਸਮੈਂਟ ਡਾਇਰੈਕਟੋਰੇਟ ਨੇ ਵੱਡੀ ਕਾਰਵਾਈ ਕਰਦੇ ਹੋਏ ਸਤੇਂਦਰ ਜੈਨ ਦੇ ਪਰਿਵਾਰ ਤੇ ਸੰਜੇ ਰਾਉਤ ਦੀ ਪਤਨੀ ਦੀ ਕਰੋੜਾਂ ਦੀ ਜਾਇਦਾਦ ਕੁਰਕ ਕਰ ਲਈ ਹੈ, ਜਿਨ੍ਹਾਂ @ਚ ਈ.ਡੀ. ਨੇ ਕਾਰਵਾਈ ਕੀਤੀ ਹੈ, ਦੋਵੇਂ ਮਾਮਲੇ ਵੱਖ-ਵੱਖ ਹਨ। ਇਨ੍ਹਾਂ @ਚੋਂ ਇੱਕ ਕੇਸ ਸ਼ਿਵ ਸੈਨਾ ਆਗੂ ਸੰਜੇ ਰਾਉਤ ਦੀ ਪਤਨੀ ਨਾਲ ਸੰਬੰਧਿਤ ਹੈ, ਜਦਕਿ ਦੂਜਾ @ਆਪ@ ਆਗੂ ਸਤੇਂਦਰ ਜੈਨ ਦੇ ਪਰਿਵਾਰ ਨਾਲ ਸਬੰਧਿਤ ਹੈ।

ਪਹਿਲੇ ਮਾਮਲੇ @ਚ ਈਡੀ ਨੇ 11 ਕਰੋੜ ਦੀ ਜਾਇਦਾਦ ਕੁਰਕ ਕੀਤੀ ਹੈ। ਇਸ @ਚੋਂ 9 ਕਰੋੜ ਦੀ ਜਾਇਦਾਦ ਪ੍ਰਵੀਨ ਰਾਉਤ ਦੀ ਹੈ। ਇਸ ਦੇ ਨਾਲ ਹੀ 2 ਕਰੋੜ ਦੀ ਜਾਇਦਾਦ ਸੰਜੇ ਰਾਉਤ ਦੀ ਪਤਨੀ ਦੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ 1,034 ਕਰੋੜ ਰੁਪਏ ਦੇ ਪਾਤਰਾ ਚਾਵਲ ਜ਼ਮੀਨ ਘੁਟਾਲੇ @ਚ ਸ਼ਿਵ ਸੈਨਾ ਆਗੂ ਸੰਜੇ ਰਾਉਤ ਦੀ ਪਤਨੀ ਦੀ ਜਾਇਦਾਦ ਕੁਰਕ ਕਰ ਦਿੱਤੀ ਹੈ।

# ਫੋਨ 'ਤੇ ਹੋਈ ਮਾਮੂਲੀ ਤਕਰਾਰ ਤੋਂ ਬਾਅਦ ਨੌਜਵਾਨਾਂ ਨੇ ਚਲਾਈਆਂ ਗੋਲੀਆਂ

**ਮਲੋਟ/ਲੋਕ ਬਾਣੀ**

ਪਿੰਡ ਫਤਿਹਪੁਰ ਮੰਨੀਆਂ ਵਾਲਾ ਵਿਖੇ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਫੋਨ 'ਤੇ ਹੋਈ ਮਾਮੂਲੀ ਤਕਰਾਰ ਤੋਂ ਬਾਅਦ ਦੂਜੇ ਪਿੰਡਾਂ ਤੋਂ ਜਾ ਕੇ 4-5 ਕਾਰ ਸਵਾਰ ਨੌਜਵਾਨਾਂ ਨੇ ਹਮਲਾ ਕਰਕੇ 2 ਭਰਾਵਾਂ ਨੂੰ ਜ਼ਖਮੀ ਕਰ ਦਿੱਤਾ। ਹਮਲਾਵਰਾਂ ਨੇ ਗੋਲੀਆਂ ਵੀ ਚਲਾਈਆਂ, ਜਿਨ੍ਹਾਂ @ਚੋਂ ਇਕ ਗੋਲੀ ਨੌਜਵਾਨ ਦੀ ਲੱਤ @ਚ ਲੱਗੀ। ਜ਼ਖਮੀਆਂ ਨੂੰ ਸਰਕਾਰੀ ਹਸਪਤਾਲ ਲੰਬੀ 'ਚ ਦਾਖਲ ਕਰਵਾਇਆ ਗਿਆ ਹੈ। ਇਸ ਸਬੰਧੀ ਹਸਪਤਾਲ 'ਚ ਦਾਖਲ ਫਤਿਹਪੁਰ ਮੰਨੀਆਂ ਦੇ ਜਸਪ੍ਰੀਤ ਜੱਸੂ ਤੇ ਉਸ ਦੇ ਭਰਾ ਸੁਖਪ੍ਰੀਤ ਨੇ ਦੱਸਿਆ ਕਿ ਰਾਤ ਸੁਖਪ੍ਰੀਤ ਸਿੰਘ ਦੀ ਅਬੁਲਖੁਰਾਣਾ ਦੇ ਇਕ ਲੜਕੇ ਨਾਲ ਫੋਨ 'ਤੇ ਗੱਲ ਹੋ ਰਹੀ ਸੀ, ਜਿਸ ਤੋਂ ਬਾਅਦ ਅੱਜ ਨਵਕਿਰਨ ਸਿੰਘ ਪੁੱਤਰ ਤਰਸੇਮ ਸਿੰਘ ਕੱਖਾਂਵਾਲੀ, ਅਨਮੋਲ ਮਾਨ ਆਧਨੀਆਂ, ਗੁਰਮੀਤ ਸਿੰਘ ਤੇ ਰਮਨਾ ਸਿੰਘ ਅਬੁਲਖੁਰਾਣਾ ਇਕ ਅਣਪਛਾਤੇ ਸਾਥੀ ਨਾਲ ਉਨ੍ਹਾਂ ਦੇ ਪਿੰਡ ਆ ਗਏ, ਜਿਸ ਤੋਂ ਬਾਅਦ ਉਕਤ ਵਿਅਕਤੀਆਂ ਨੇ ਫਤਿਹਪੁਰ ਮੰਨੀਆਂ ਵਾਲਾ ਪੁੱਜ ਕੇ ਉਕਤ ਦੋਵਾਂ ਭਰਾਵਾਂ 'ਤੇ ਹਮਲਾ ਕਰ ਦਿੱਤਾ। ਇਸ ਹਮਲੇ 'ਚ ਜਿਥੇ ਸੁਖਪ੍ਰੀਤ ਦੇ ਸਿਰ 'ਤੇ ਰਾਡਾਂ ਮਾਰੀਆਂ, ਉਥੇ ਪਿਸਟਲ ਨਾਲ 2 ਫਾਇਰ ਵੀ ਕੀਤੇ, ਜਿਨ੍ਹਾਂ 'ਚੋਂ ਇਕ ਜੱਸੂ ਦੀ ਲੱਤ 'ਤੇ ਲੱਗਾ। ਇਸ ਦੌਰਾਨ ਹੀ ਹਮਲਾਵਰਾਂ ਦੀ ਮੈਗਜ਼ੀਨ ਡਿੱਗ ਪਈ, ਜਿਹੜੀ ਬਾਅਦ 'ਚ ਥਾਣਾ ਲੰਬੀ ਦੀ ਪੁਲਸ ਨੂੰ ਸੌਂਪ ਦਿੱਤੀ ਗਈ। ਰੌਲਾ ਪੈਣ 'ਤੇ ਹਮਲਾਵਰ ਆਪਣੀ ਸਵਿਫਟ ਕਾਰ 'ਚ ਦੌੜ ਗਏ। ਜ਼ਖਮੀਆਂ ਨੂੰ ਪਰਿਵਾਰ ਨੇ ਹਸਪਤਾਲ ਦਾਖਲ ਕਰਵਾਇਆ, ਜਿਥੇ ਪੁਲਸ ਨੇ ਬਿਆਨ ਲੈ ਲਏ ਹਨ। ਇਸ ਸਬੰਧੀ ਡੀ. ਐੱਸ. ਪੀ. ਮਲੋਟ ਜਸਪਾਲ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਪੁਲਸ ਜ਼ਖਮੀਆਂ ਦੇ ਬਿਆਨਾਂ ਅਨੁਸਾਰ ਬਣਦੀ ਕਾਰਵਾਈ ਕਰ ਰਹੀ ਹੈ।

# ਹੁਣ ਹ.ਫਤੇ ਦੇ ਸੱਤੇ ਦਿਨ ਖੁੱਲ੍ਹੇਗਾ ਸੇਵਾ ਕੇਂਦਰ,ਦੋ ਸ਼ਿਫਟਾਂ 'ਚ 50 ਫੀਸਦੀ ਸਮਰੱਥਾ ਦੇ ਨਾਲ ਹੋਵੇਗਾ ਕੰਮ




**ਅੰਮ੍ਰਿਤਸਰ/ਲੋਕ ਬਾਣੀ**

ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਦੱਸਿਆ ਕਿ ਹੁਣ ਸੇਵਾ ਕੇਂਦਰ ਹ.ਫਤੇ ਦੇ ਸੱਤੇ ਦਿਨ ਖੁੱਲ੍ਹੇਗਾ ਅਤੇ ਦੋ ਸ਼ਿਫਟਾਂ ਵਿਚ ਕੰਮ ਕਰੇਗਾ । ਉਨ੍ਹਾਂ ਦੱਸਿਆ ਕਿ ਸੇਵਾ ਕੇਂਦਰ ਦਾ ਸਮਾਂ 7 ਅਪ੍ਰੈਲ 2022 ਤੋਂ 7 ਮਈ 2022 ਤੱਕ ਬਦਲ ਕੇ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ । ਉਨ੍ਹਾਂ ਦੱਸਿਆ ਲੋਕ ਹੁਣ ਨਵੇਂ ਹੁਕਮਾਂ ਤਹਿਤ ਹ.ਫਤੇ ਦੇ ਸੱਤੇ ਦਿਨ ਸੇਵਾ ਕੇਂਦਰਾਂ ਤੋਂ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਨਵਾਂ ਸਮਾਂ ਸਾਰਣੀ ਅਨੁਸਾਰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਇਕ ਸ਼ਿ.ਫਟ ਵਿਚ 50 .ਫੀਸਦੀ ਸਟਾ.ਫ ਦੀ ਸਮਰੱਥਾ ਨਾਲ ਕੰਮ ਕਰੇਗਾ ਜਦ ਕਿ ਬਾਕੀ ਦਾ 50 .ਫੀਸਦੀ ਸਟਾ.ਫ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਦੂਜੀ ਸ਼ਿਫਟ ਵਿਚ ਕੰਮ ਕਰੇਗਾ। ਉਨ੍ਹਾਂ ਦੱਸਿਆ ਕਿ ਸ਼ਨੀਵਾਰ-ਐਤਵਾਰ ਨੂੰ ਸਿਰ.ਫ ਇਕ ਸ਼ਿਫਟ ਹੀ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ 50 .ਫੀਸਦੀ ਕਰਮਚਾਰੀਆਂ ਦੀ ਸਮਰੱਥਾ ਨਾਲ ਸੇਵਾ ਕੇਂਦਰ ਵਿਚ ਕੰਮ ਕਰੇਗੀ ।

# ਖੰਨਾ ਦੇ ਤਰੁਣ ਸ਼ਰਮਾ ਨੇ ਕੌਮਾਂਤਰੀ ਪੈਰਾ ਕਰਾਟੇ ਚੈਂਪੀਅਨਸ਼ਿਪ 'ਚ ਜਿੱਤਿਆ ਗੋਲਡ ਮੈਡਲ





**ਖੰਨਾ/ਲੋਕ ਬਾਣੀ**

ਖੰਨਾ ਦੇ ਅੰਤਰਰਾਸ਼ਟਰੀ ਕਰਾਟੇ ਖਿਡਾਰੀ ਤਰੁਣ ਸ਼ਰਮਾ ਨੇ ਇਕ ਵਾਰ ਫਿਰ ਹਿੰਦੁਸਤਾਨ ਦਾ ਝੰਡਾ ਵਿਦੇਸ਼ੀ ਧਰਤੀ ਬੈਲਜੀਅਮ 'ਤੇ ਲਹਿਰਾ ਦਿੱਤਾ ਹੈ। ਤਰੁਣ ਸ਼ਰਮਾ ਨੇ ਬੈਲਜੀਅਮ 'ਚ ਆਯੋਜਿਤ ਅੰਤਰਰਾਸ਼ਟਰੀ ਪੈਰਾ ਕਰਾਟੇ ਚੈਂਪੀਅਨਸ਼ਿਪ 'ਚ ਗੋਲਡ ਮੈਡਲ ਹਾਸਲ ਕੀਤਾ ਹੈ। ਤਰੁਣ ਦੀ ਇਸ ਜਿੱਤ ਨਾਲ ਉਸ ਦੇ ਘਰ ਅਤੇ ਸ਼ਹਿਰ ਵਿਚ ਖੁਸ਼ੀ ਦਾ ਮਾਹੌਲ ਬਣ ਗਿਆ ਹੈ।

ਤਰੁਣ ਸ਼ਰਮਾ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ 19 ਦੇਸ਼ਾਂ ਦੇ ਖਿਡਾਰੀਆਂ ਨੇ ਇਸ ਪ੍ਰਤੀਯੋਗਿਤਾ ਵਿਚ ਹਿੱਸਾ ਲਿਆ ਸੀ। ਇਸ ਪ੍ਰਤੀਯੋਗਿਤਾ ਵਿਚ ਉਨ੍ਹਾਂ (ਤਰੁਣ) ਨੇ ਹਿੰਦੁਸਤਾਨ ਵਲੋਂ ਹਿੱਸਾ ਲਿਆ ਸੀ। ਉਨ੍ਹਾਂ ਕਿਹਾ ਕਿ ਉਸਦੀ ਸਿਲੈਕਸ਼ਨ ਅਗਸਤ 'ਚ ਹੋਣ ਜਾ ਰਹੀ ਵਰਲਡ ਕੱਪ ਬੁਡਾਪੇਸਟ ਹੰਗਰੀ ਵਿਚ ਹੋਈ ਹੈ। ਤਰੁਣ ਸ਼ਰਮਾ ਨੇ ਆਪਣੇ ਕਰਾਟੇ ਕੋਚ, ਸ਼ਹਿਰਵਾਸੀਆਂ ਅਤੇ ਸੰਸਥਾ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ 'ਤੇ ਏਰਿਕ ਚੇਅਰਮੈਨ ਆਈ ਕਰਾਟੇ ਗਲੋਬਲ, ਏਟੀਲਾ ਜਨਰਲ ਸੈਕਰੇਟਰੀ ਆਈ ਕਰਾਟੇ ਗਲੋਬਲ ਮੌਜੂਦ ਸਨ।

# ਰਣਬੀਰ ਕਪੂਰ ਤੇ ਆਲੀਆ ਭੱਟ ਦੇ ਫੈਨਜ਼ ਲਈ ਖ਼ੁਸ਼ਖ਼ਬਰੀ, ਇਸ ਦਿਨ ਕਰਵਾਉਣ ਜਾ ਰਹੇ ਹਨ ਵਿਆਹ



**ਮੁੰਬਈ/ਲੋਕ ਬਾਣੀ:-** ਬਾਲੀਵੁੱਡ ਅਦਾਕਾਰ ਰਣਬੀਰ ਕਪੂਰ ਤੇ ਆਲੀਆ ਭੱਟ ਦੇ ਫੈਨਜ਼ ਲਈ ਖ਼ੁਸ਼ਖ਼ਬਰੀ ਹੈ। ਇਹ ਦੋਵੇਂ ਅਦਾਕਾਰ ਵਿਆਹ ਦੇ ਬੰਧਨ @ਚ ਬੱਝਣ ਜਾ ਰਹੇ ਹੈ। ਸੂਤਰਾਂ ਮੁਤਾਬਿਕ ਰਣਬੀਰ ਕਪੂਰ ਤੇ ਆਲੀਆ ਭੱਟ 14 ਅਪ੍ਰੈਲ ਤੋਂ 17 ਅਪ੍ਰੈਲ ਦੇ @ਚ ਵਿਆਹ ਕਰਵਾਉਣ ਜਾ ਰਹੇ ਹਨ।

# ਸਰਕਾਰੀ ਹਾਈ ਸਕੂਲ ਬੋਪਾਰਾਏ ਖੁਰਦ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ



**ਰਾਏਕੋਟ/ਗੁਰਭਿੰਦਰ ਗੁਰੀ**

ਇਲਾਕੇ ਦੀ ਨਾਮਵਰ ਸੰਸਥਾ ਸਰਕਾਰੀ ਹਾਈ ਸਕੂਲ ਬੋਪਾਰਾਏ ਖੁਰਦ ਵਿਖੇ ਨਵੇਂ ਵਿੱਦਿਅਕ ਸਾਲ ਦਾ ਸ਼ੁਭ ਆਰੰਭ ਕਰਦੇ ਹੋਏ ਸਕੂਲ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਪਾਠ ਦੇ ਭੋਗ ਉਪਰੰਤ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਜਿਸ ਵਿੱਦਿਅਕ, ਸੱਭਿਆਚਾਰਕ, ਖੇਡਾਂ ਅਤੇ ਹੋਰ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਐਮ.ਐਲ.ਏ.ਹਲਕਾ ਰਾਏਕੋਟ ਹਾਕਮ ਸਿੰਘ ਠੇਕੇਦਾਰ, ਬਿੰਦਰਜੀਤ ਸਿੰਘ ਗਿੱਲ ਪ੍ਰਧਾਨ ਟਰੱਕ ਯੂਨੀਅਨ ਰਾਏਕੋਟ, ਯੂਥ ਆਗੂ ਗੁਰਦੇਵ ਬਾਵਾ, ਗ੍ਰਾਮ ਪੰਚਾਇਤ ਪਿੰਡ ਬੋਪਾਰਾਏ ਖੁਰਦ, ਗ੍ਰਾਮ ਪੰਚਾਇਤ ਪਿੰਡ ਧੂਰਕੋਟ, ਗ੍ਰਾਮ ਪੰਚਾਇਤ ਪਿੰਡ ਰਾਮਗੜ੍ਹ ਸਿਵੀਆਂ, ਬਾਬਾ ਜਗਤ ਸਿੰਘ ਵੈਲਫੇਅਰ ਕਲੱਬ, ਬੋਪਾਰਾਏ ਡਿਵੈਲਪਮੈਂਟ ਐਂਡ ਵੈੱਲਫੇਅਰ ਸੋਸਾਇਟੀ,ਬਾਬਾ ਸੂਰਤੀਆ ਸਿੰਘ ਸਪੋਰਟਸ ਕਲੱਬ, ਸਕੂਲ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਹੋਰ ਉੱਘੀਆਂ ਸਖਸ਼ੀਅਤਾਂ ਵੱਲੋਂ ਇਨਾਮਾਂ ਦੀ ਵੰਡ ਕੀਤੀ ਗਈ। ਇਸ ਦੌਰਾਨ ਹੈੱਡਮਾਸਟਰ ਹਰਪ੍ਰੀਤ ਸਿੰਘ, ਪ੍ਰਿੰਸੀਪਲ ਕਰਮਜੀਤ ਸਿੰਘ,ਮਾਸਟਰ ਨਿਰਪਾਲ ਸਿੰਘ ਜਲਾਲਦੀਵਾਲ, ਮਾਸਟਰ ਮਲਕੀਤ ਸਿੰਘ ਬਰਮ੍ਹੀ ਕੈਨੇਡਾ, ਜੰਗੀਰ ਸਿੰਘ,ਪ੍ਰੋਫੈਸਰ ਬਲਜੀਤ ਕੌਰ ਬੋਪਾਰਾਏ ਵੱਲੋਂ ਵੱਖ ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਕਰਕੇ ਆਪਣਾ ਮਾਪਿਆਂ ਅਤੇ ਸੰਸਥਾ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਨਾਮਾਂ ਦੀ ਸੇਵਾ ਡਾ.ਸਰਬਜੀਤ ਸਿੰਘ ਦੇ ਪਰਿਵਾਰ ਵੱਲੋਂ ਸਵਰਗਵਾਸੀ ਲੈਕ.ਦਲਜੀਤ ਸਿੰਘ ਦੀ ਯਾਦ ਵਿੱਚ ਕੀਤੀ ਗਈ। ਸਟੇਜ ਸੰਚਾਲਨ ਦੀ ਭੂਮਿਕਾ ਮਾਸਟਰ ਮਨਜੀਤ ਸਿੰਘ ਬੜੂੰਦੀ ਅਤੇ ਬਲਵਿੰਦਰ ਸਿੰਘ ਦੱਧਾਹੂਰ ਵੱਲੋਂ ਨਿਭਾਈ ਗਈ। ਇਸ ਮੌਕੇ ਬਲਵੀਰ ਬੱਲੀ, ਰਾਜਦੀਪ ਆਂਡਲੂ, ਜਗਤਾਰ ਸਿੰਘ ਤਾਰਾ ਤਲਵੰਡੀ, ਪ੍ਰਧਾਨ ਗੁਰਮਿੰਦਰ ਸਿੰਘ ਤੂਰ, ਮਾਤਾ ਜਲ ਕੌਰ, ਮਾਤਾ ਜਸਮੇਲ ਕੌਰ, ਕਰਤਾਰ ਸਿੰਘ ਕੈਨੇਡਾ, ਮੁਕੰਦ ਸਿੰਘ ਧੰਜਲ, ਰਣਜੀਤ ਸਿੰਘ ਧੰਜਲ, ਹਰਪ੍ਰੀਤ ਸਿੰਘ, ਬਲਵੀਰ ਸਿੰਘ ਜੇ.ਈ, ਪ੍ਰਧਾਨ ਨੈਬ ਸਿੰਘ,ਗਿਆਨੀ ਤਰਨਜੀਤ ਸਿੰਘ, ਚਰਨ ਸਿੰਘ, ਗੁਰਜੀਤ ਸਿੰਘ, ਤਰਸੇਮ ਲਾਲ, ਸ਼ਿੰਗਾਰਾ ਸਿੰਘ, ਕੁਲਦੀਪ ਸਿੰਘ ਝਾਂਸਲ, ਕੁਲਦੀਪ ਸਿੰਘ ਅਲਟਰੇਲੀਆ, ਪਰਮਜੀਤ ਸਿੰਘ ਨੱਥੋਵਾਲ, ਗੁਰਦੇਵ ਸਿੰਘ, ਨਰਿੰਦਰਪਾਲ ਸਿੰਘ ਬਰਮ੍ਹੀ, ਹਰਪ੍ਰੀਤ ਸਿੰਘ ਨਿਹਾਲੂਵਾਲ, ਪਵਨ ਰਾਮ ਕਾਲਸਾਂ, ਗੁਰਦੀਪ ਕੌਰ ਬੋਪਾਰਾਏ, ਬਲਜੀਤ ਕੌਰ ਰਾਏਕੋਟ, ਰਮਨਦੀਪ ਕੌਰ ਰਾਏਕੋਟ, ਸਰਬਜੀਤ ਕੌਰ ਬੱਸੀਆਂ, ਬਲਦੇਵ ਸਿੰਘ, ਸੁਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਮਾਪੇ ਹਾਜ਼ਰ ਸਨ।

## ਸੀਨੀਅਰ ਪੱਤਰਕਾਰ ਅਤੇ ਉੱਘੇ ਹਾਕੀ ਕੋਚ ਬਲਵੰਤ ਭਗਤ ਨੂੰ ਸਦਮਾ ਪਿਤਾ ਦਾ ਦਿਹਾਂਤ



**ਅੰਮ੍ਰਿਤਸਰ/ਰਾਜਾ ਕੋਟਲੀ**

ਹਲਕਾ ਮਜੀਠਾ ਦੇ ਕਸਬਾ ਜੈਂਤੀਪੁਰ ਤੋਂ ਸੀਨੀਅਰ ਪੱਤਰਕਾਰ ਅਤੇ ਉੱਘੇ ਹਾਕੀ ਕੋਚ ਬਲਵੰਤ ਸਿੰਘ ਭਗਤ ਪਾਖਰਪੁਰਾ ਨੂੰ ਉਸ ਵਕਤ ਭਾਰੀ ਸਦਮਾ ਲੱਗਾ, ਜਦ ਅੱਜ ਸਵੇਰੇ ਉਨ੍ਹਾਂ ਦੇ ਪਿਤਾ ਸ੍ਰ. ਪਿਆਰਾ ਸਿੰਘ ਭਗਤ ( 85 ) ਅਚਾਨਕ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਕੱਲ 6 ਅਪ੍ਰੈਲ ਨੂੰ ਸਵੇਰੇ 11 ਵਜੇ ਪਿੰਡ ਪਾਖਰਪੁਰਾ ਦੇ ਸ਼ਮਸ਼ਾਨਘਾਟ ਨੇੜੇ (ਅੰਮ੍ਰਿਤਸਰ ਪਠਾਨਕੋਟ ਮੁੱਖ ਮਾਰਗ) ਵਿਖੇ ਹੋਵੇਗਾ।

## ਵਿਧਾਇਕ ਸੌਂਦ ਨੇ ਨਗਰ ਕੌਂਸਲ ਦੇ ਅਧਿਕਾਰੀਆਂ, ਕਰਮਚਾਰੀਆਂ ਨੂੰ ਪਹਿਲੀ ਮੀਟਿੰਗ ਵਿੱਚ ਹੀ ਕਿਹਾ ਉਹ ਜਿੰਮੇਵਾਰੀ ਨਾਲ ਕੰਮ ਕਰਨ



**ਖੰਨਾ/ਤਜਿੰਦਰ ਸਿੰਘ**



ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਨਗਰ ਕੌਂਸਲ ਖੰਨਾ ਦੇ ਅਧਿਕਾਰੀਆਂ, ਕਰਮਚਾਰੀਆਂ ਨੂੰ ਪਹਿਲੀ ਮੀਟਿੰਗ ਵਿੱਚ ਹੀ ਕਿਹਾ ਉਹ ਜਿੰਮੇਵਾਰੀ ਨਾਲ ਕੰਮ ਕਰਨ ਅਤੇ ਸਮਾਂਬੱਧ ਕੰਮ ਦਾ ਨਿਪਟਾਰਾ ਕੀਤਾ ਜਾਵੇ ਆਮ ਲੋਕਾਂ ਨੂੰ ਸਹੂਲਤਾਂ ਦੇਣ ਵਿੱਚ ਬੇਲੋੜੀ ਦੇਰੀ ਅਤੇ ਖੱਜਲ ਖੁਆਰ ਕਰਨ ਦੀ ਕਾਰਵਾਈ ਤੁਰੰਤ ਬੰਦ ਹੋਵੇ ਉਹਨਾਂ ਇਸ ਮੌਕੇ ਫਾਇਰ ਬ੍ਰਿਗੇਡ, ਬਾਲ ਵਿਕਾਸ ਅਫਸਰ ਦੇ ਦਫ਼ਤਰ ਅਤੇ ਨਗਰ ਕੌਂਸਲ ਦੀ ਪਾਰਕ ਦਾ ਵੀ ਦੌਰਾ ਕੀਤਾ ਅਤੇ ਮੌਕੇ ਤੇ ਲੋਕਾਂ ਨੇ ਪਾਰਕ ਵਿਚ ਗੰਦਗੀ ,ਅਤੇ ਕੁਤੇ ਮਰਨ ਦੀ ਬਦਬੂ ਆਉਣ ਦੀ ਸ਼ਿਕਾਇਤ ਕੀਤੀ ਕਿ ਕੂੜੇ ਦੇ ਢੇਰ ਅੰਦਰ ਹੀ ਲਾ ਦਿੱਤੇ ਗਏ ਇਸਤੇ ਵਿਧਾਇਕ ਸੌਂਦ ਨੇ ਤੁਰੰਤ ਮੌਕੇ ਤੇ ਸੱਦਕੇ ਚੀਫ਼ ਸੈਨੇਟਰੀ ਅਫਸਰ ਹਰਿੰਦਰ ਸਿੰਘ ਭੁੱਲਰ ਨੂੰ ਕਿਹਾ ਕਿ ਲੋਕਾਂ ਨੂੰ ਇਥੇ ਵੀ ਜਦੋ ਸਫਾਈ ਨਹੀਂ ਮਿਲਦੀ ਫੇਰ ਸਹਿਰ ਵਿਚ ਕਿਹੋ ਜਿਹੀ ਸਫਾਈ ਦਾ ਤੁਹਾਡਾ ਪ੍ਰਬੰਧ ਮਨ ਲਈਏ ਉਹਨਾਂ ਕਿਹਾ ਮੈਨੂੰ ਦਸੋ ਕਦੋ ਪਾਰਕ ਦੀ ਸਫ਼ਾਈ ਹੋਵੇਗੀ ਇਸਤੇ ਚੀਫ਼ ਸੈਨੇਟਰੀ ਅਫਸਰ ਨੇ ਤੁਰੰਤ ਸਫਾਈ ਕਰਵਾਉਣ ਦੀ ਗੱਲ ਕਹੀ ਇਸਤੋਂ ਅਲਾਵਾ ਮੁੱਖ ਮੰਤਰੀ ਪੰਜਾਬ ਦੇ ਹੁਕਮ ਕਿ ਸਰਕਾਰੀ ਦਫਤਰਾਂ ਵਿੱਚ ਸਰਦਾਰ ਭਗਤ ਸਿੰਘ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦੀ ਫੋਟੋ ਲਗਾਈ ਜਾਵੇ ਪਰੰਤੂ ਇਸਤੇ ਵਿਧਾਇਕ ਸੌਂਦ ਨੂੰ ਨਗਰ ਕੌਂਸਲ ਦੇ ਈਓ ਨੂੰ ਕਹਿਣਾ ਪਿਆ ਕਿ ਮੀਟਿੰਗ ਹਾਲ ਅਤੇ ਈਓ ਦੇ ਦਫ਼ਤਰ ਵਿਚ ਨਹੀਂ ਸੀ ਭਗਤ ਸਿੰਘ ਅਤੇ ਡਾ. ਅੰਬੇਡਕਰ ਸਾਹਿਬ ਦੀ ਫੋਟੋ ਕਿਹਾ ਇੱਥੇ ਫੋਟੋਆਂ ਲਗਾਉਣ।

## ਦੋ ਸਾਲ ਦੇ ਬਾਅਦ ਸ਼੍ਰੀ ਰਾਮਨੌਮੀ ਦੇ ਸਬੰਧ ਵਿੱਚ ਨੌਂ ਨੂੰ ਕੱਢੀ ਜਾਵੇਗੀ ਸ਼ੋਭਾਯਾਤਰਾ



**ਕਪੂਰਥਲਾ/ਪਰਮਜੀਤ ਸੰਨੀ**

ਕੋਵਿਡ-19 ਦੇ ਚਲਦੇ ਦੋ ਸਾਲ ਬਾਅਦ ਸ਼੍ਰੀ ਰਾਮਨੌਮੀ ਉਤਸਵ ਕਮੇਟੀ ਸਨਾਤਨ ਧਰਮ ਸਭਾ ਦੇ ਵਲੋਂ ਸ਼੍ਰੀ ਰਾਮਨੌਮੀ ਦੇ ਸਬੰਧ ਵਿੱਚ ਨੌਂ ਅਪ੍ਰੈਲ ਨੂੰ ਸ਼ਹਿਰ ਵਿੱਚ ਕੱਢੀ ਜਾਣ ਵਾਲੀ ਸ਼ੋਭਾਯਾਤਰਾਨੂੰ ਲੈ ਕੇ ਇਸ ਵਾਰ ਸ਼ਹਿਰ ਵਾਸੀਆਂ ਵਿੱਚ ਵਿਸ਼ੇਸ਼ ਉਤਸ਼ਾਹ ਪਾਇਆ ਜਾ ਰਿਹਾ ਹੈ।ਸ਼੍ਰੀ ਰਾਮਨੌਮੀ ਦੇ ਸਬੰਧ ਵਿੱਚ ਕੱਢੀ ਜਾਣ ਵਾਲੀ ਸ਼ੋਭਾਯਾਤਰਾ ਨੂੰ ਲੈ ਕੇ ਹੈਰਿਟੇਜ ਸਿਟੀ ਕਪੂਰਥਲਾ ਦੇ ਸਮੂਹ ਹਿੰਦੂ ਸੰਗਠਨਾਂ,ਰਾਜਨੀਤਿਕ,ਸਮਾਜਿਕ ਤੇ ਮੰਦਿਰ ਕਮੇਟੀਆਂ ਦੀ ਬੈਠਕ ਮੰਦਿਰ ਧਰਮ ਸਭਾ ਵਿੱਚ ਹੋਈ।ਇਸ ਅੰਤਮ ਬੈਠਕ ਵਿੱਚ ਸ਼ਹਿਰ ਦੇ ਵੱਖ ਵੱਖ ਧਾਰਮਿਕ,ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਾਲ ਮੰਦਿਰ ਕਮੇਟੀਆਂ ਦੇ ਲੋਕ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।ਬੈਠਕ ਸ਼ੁਰੂ ਹੋਣ ਤੋਂ ਪਹਿਲਾਂ ਭਗਵਾਨ ਸ਼੍ਰੀ ਰਾਮ ਦੇ ਚਿੱਤਰ ਤੇ ਫੁੱਲ ਮਾਲਵਾ ਚੜਾ ਕੇ ਦੀਪ ਪ੍ਰੱਜਵਲਿਤ ਕੀਤਾ ਗਿਆ।ਇਸ ਬੈਠਕ ਵਿੱਚ ਸ਼੍ਰੀ ਰਾਮਨੌਮੀ ਸ਼ੋਭਾਯਾਤਰਾ ਦੀ ਚਰਚਾ ਦੇ ਨਾਲ ਤਿਆਰੀ ਅਤੇ ਰੂਪ ਰੇਖਾ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ।ਸ਼੍ਰੀ ਰਾਮਨੌਮੀ ਉਤਸਵ ਕਮੇਟੀ ਸਨਾਤਨ ਧਰਮ ਸਭਾ ਦੇ ਬੈਨਰ ਤਲੇ ਅਤੇ ਸ਼੍ਰੀ ਰਾਮਾਇਣ ਜੀ ਦੀ ਛਤਰਛਾਇਆ ਵਿੱਚ ਕੱਢੀ ਜਾਣ ਵਾਲੀ ਇਸ ਸ਼ੋਭਾਯਾਤਰਾ ਦੀ ਅਗਵਾਈ ਚਾਰਾਂ ਵੇਦਾਂ ਦੀ ਝਾਂਕੀ ਦੁਆਰਾ ਕੀਤੀ ਜਾਵੇਗੀ।ਇਸਦੇ ਪਿੱਛੇ-ਪਿੱਛੇ ਬੈਂਡ ਵਾਜੀਆਂ ਦੇ ਨਾਲ ਸ਼ਹਿਰ ਦੇ ਵੱਖ ਵੱਖ ਧਾਰਮਿਕ ਸੰਗਠਨਾਂ ਦੀ ਡੇਢ ਦਰਜਨ ਦੇ ਕਰੀਬ ਝਾਂਕੀਆਂ ਨਿਕਲਣ ਗਿਆ।ਇਨ੍ਹਾਂ ਦੇ ਪਿੱਛੇ ਸ਼ੋਭਾਯਾਤਰਾ ਵਿੱਚ ਸ਼ਾਮਿਲ ਹੋਣ ਵਾਲਾ ਸ਼੍ਰੀ ਰਾਮ ਰੱਥ ਚੱਲੇਗਾ।ਇਸ ਵਿੱਚ ਫੁੱਲ ਮਾਲਾਵਾਂ ਨਾਲ ਸੋਭਨੀਕ ਸ਼੍ਰੀ ਰਾਮਾਇਣ ਜੀ ਵਿਰਾਜਮਾਨ ਹੋਣਗੇ।ਇਨ੍ਹਾਂ ਦੇ ਪਿੱਛੇ-ਪਿੱਛੇ ਗਣਮਾਨਿਏ ਸ਼ਹਿਰ ਵਾਸੀ ਅਤੇ ਸੰਯੋਜਕ ਸ਼੍ਰੀ ਰਾਮ ਨਾਮ ਦਾ ਉਚਾਰਣ ਕਰਦੇ ਹੋਏ ਚੱਲਣਗੇ।ਸ਼ੋਭਾਯਾਤਰਾ ਦੇ ਰੂਟ ਵਿੱਚ ਆਉਂਦੇ ਸ਼ਾਲੀਮਾਰ ਬਾਗ,ਜਲੌਖਾਨਾ ਚੌਕ, ਸਦਰ ਬਾਜ਼ਾਰ,ਸ਼ਹੀਦ ਭਗਤ ਸਿੰਘ ਚੌਕ,ਸਤਿ ਨਰਾਇਣ ਬਾਜ਼ਾਰ ਵਿੱਚ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।ਇਸਦੇ ਇਲਾਵਾ ਵੱਖ ਵੱਖ ਸ਼ਰਧਾਲੂ ਦੁਕਾਨਦਾਰਾਂ ਵਲੋਂ ਸ਼ੋਭਾਯਾਤਰਾ ਵਿੱਚ ਸ਼ਾਮਲ ਹੋਣ ਵਾਲੇ ਸ਼੍ਰੀ ਰਾਮ ਭਗਤ ਲਈ ਖਾਣ-ਪੀਣ ਦੀ ਵਿਵਸਥਾ ਵੀ ਕੀਤੀ ਜਾਵੇਗੀ।ਸ਼੍ਰੀ ਰਾਮਨੌਮੀ ਉਤਸਵ ਕਮੇਟੀ ਸਨਾਤਨ ਧਰਮ ਸਭਾ ਦੇ ਪ੍ਰਧਾਨ ਸੁਭਾਸ਼ ਮਕਰੰਦੀ ਨੇ ਦੱਸਿਆ ਦੀ ਰਾਮਨੌਮੀ ਦੇ ਸਬੰਧ ਵਿੱਚ ਵਿਸ਼ਾਲ ਸ਼ੋਭਾਯਾਤਰਾ ਨੌਂ ਅਪ੍ਰੈਲ ਸ਼ਾਮ 5.30 ਨੂੰ ਮੰਦਿਰ ਧਰਮ ਸਭਾ ਤੋਂ ਕੱਢੀ ਜਾਵੇਗੀ।ਨਾਲ ਹੀ ਸ਼ੋਭਾਯਾਤਰਾ ਨੂੰ ਸਫਲ ਬਣਾਉਣ ਲਈ ਸਾਰੇ ਸ਼ਹਿਰ ਤੇ ਮੈਂਬਰ ਆਪਣਾ ਫਰਜ ਬਾਖੂਬੀ ਨਿਭਾਉਣਗੇ। ਸੁਭਾਸ਼ ਮਕਰੰਦੀ ਨੇ ਸ਼ਹਿਰ ਵਾਸੀਆਂ ਨੂੰ ਨੌਂ ਅਪ੍ਰੈਲ ਨੂੰ ਕੱਢੀ ਜਾਣ ਵਾਲੀ ਸ਼੍ਰੀ ਰਾਮਨੌਮੀ ਦੀ ਵਿਸ਼ਾਲ ਸ਼ੋਭਾਯਾਤਰਾ ਵਿੱਚ ਵੱਧ-ਚੜ੍ਹਕੇ ਭਾਗ ਲੈਣ ਦੀ ਅਪੀਲ ਕੀਤੀ।ਇਸ ਮੌਕੇ ਤੇ ਸ਼੍ਰੀ ਰਾਮਨੌਮੀ ਉਤਸਵ ਕਮੇਟੀ ਸਨਾਤਨ ਧਰਮ ਸਭਾ ਦੇ ਵਿਜੈ ਖੋਸਲਾ,ਕਮਲ ਮਲਹੋਤਰਾ,ਰਾਕੇਸ਼ ਚੋਪੜਾ,ਹੀਰਾ ਲਾਲ ਵਰਮਾ,ਸ਼ਿਵ ਧੀਰ,ਮਦਨ ਲਾਲ ਸ਼ਰਮਾ,ਕੁਲਦੀਪ ਸ਼ਰਮਾ, ਸਤੀਸ਼ ਮਹਾਜਨ,ਵਿਪਨ ਬਹਿਲ,ਸੁਰਿੰਦਰ ਪਾਸੀ,ਕਪਿਲ ਸੇਠ,ਮੁਕੇਸ਼ ਗੁਪਤਾ,ਨਿਤੀਨ ਸ਼ਰਮਾ,ਬਜਿੰਦਰ ਵਧਵਾ ਰਮਿੰਦਰ ਸਿੰਘ ਬਾਵਾ,ਨਰੇਸ਼ ਬਹਿਲ,ਧੀਰਜ ਬਜਾਜ਼,ਸੰਜੀਵ ਬਜਾਜ਼,ਰਾਜੂ ਸੂਦ,ਨਰਾਇਣ ਦਾਸ,ਪ੍ਰਮੋਦ ਸ਼ਰਮਾ, ਵਰਿੰਦਰ ਸੂਦ,ਮਨੋਜ ਖੁਰਾਣਾ,ਵਿਜੈ ਛਾਬੜਾ,ਵਿਸ਼ਵ ਹਿੰਦੂ ਪਰਿਸ਼ਦ ਜਲੰਧਰ ਵਿਭਾਗ ਦੇ ਪ੍ਰਧਾਨ ਨਰੇਸ਼ ਪੰਡਿਤ, ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਜੀਵਨ ਪ੍ਰਕਾਸ਼ ਵਾਲੀਆ,ਉਪਪ੍ਰਧਾਨ ਦੀਪੀਕ ਮਰਵਾਹਾ,ਜ਼ਿਲ੍ਹਾ ਉਪਪ੍ਰਧਾਨ ਆਨੰਦ ਯਾਦਵ,ਕਾਂਗਰਸੀ ਆਗੂ ਮਨੋਜ ਭਸੀਨ,ਸ਼ਿਵ ਸੈਨਾ ਬਾਲ ਠਾਕਰੇ ਦੇ ਪ੍ਰਦੇਸ਼ ਬੁਲਾਰੇ ਓਮਕਾਰ ਕਾਲੀਆ,ਜ਼ਿਲ੍ਹਾ ਪ੍ਰਧਾਨ ਦੀਪਕ ਮਦਾਨ,ਮੋਨੂੰ ਦੀਵਾਨ,ਰਾਜਿੰਦਰ ਵਰਮਾ,ਧਰਮਿੰਦਰ ਕਾਕਾ,ਯੋਗੇਸ਼ ਸੋਨੀ,ਦੀਪਕ ਵਿਗ,ਟੀਟੂ ਪੇਂਟਰ,ਸਚਿਨ ਬਹਿਲ,ਲਵਲੇਸ਼ ਢੀਂਗਰਾ,ਭਾਜਪਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਪਾਸੀ,ਜ਼ਿਲ੍ਹਾ ਉਪਪ੍ਰਧਾਨ ਰਣਜੀਤ ਸਿੰਘ ਖੋਜੇਵਾਲ,ਜ਼ਿਲ੍ਹਾ ਉਪਪ੍ਰਧਾਨ ਐਡਵੋਕੇਟ ਪਿਊਸ਼ ਮਨਚੰਦਾ,ਜ਼ਿਲ੍ਹਾ ਸਕੱਤਰ ਸੁਖਜਿੰਦਰ ਸਿੰਘ,ਕੁਮਾਰ ਗੌਰਵ ਮਹਾਜਨ,ਭਾਜਪਾ ਯੁਵਾ ਮੋਰਚਾ ਦੇ ਮੰਡਲ ਪ੍ਰਧਾਨ ਸੁਮੰਗ ਸ਼ਰਮਾ,ਸਤਨਰਾਇਣ ਮੰਦਿਰ ਦੇ ਨਰੇਸ਼ ਗੋਸਾਈਂ,ਭਗਵਨ ਵਾਲਮੀਕ ਕ੍ਰਾਂਤੀ ਸੈਨਾ ਪੰਜਾਬ ਦੇ ਪ੍ਰਧਾਨ ਸ਼ਰਵਣ ਗਿਲ,ਸਮਾਜ ਸੇਵਕ ਰੋਸ਼ਨ ਲਾਲ ਸੱਭਰਵਾਲ,ਸ਼ਿਵ ਮੰਦਿਰ ਕਚਹਿਰੀ ਚੌਕ ਦੇ ਵਿਜੈ ਸ਼ਰਮਾ ,ਚਿੰਤਪੂਰਣੀ ਮੰਦਿਰ ਅਜੀਤ ਨਗਰ ਦੇ ਮਾਂ ਵੀਨਾ ਸ਼ਰਮਾ,ਕਰਨ ਸ਼ਰਮਾ,ਮਣਿ ਮਹੇਸ਼ ਮੰਦਿਰ ਦੇ ਅਸ਼ੋਕ ਅਰੋੜਾ, ਸਮਾਜ ਸੇਵਕ ਵਿਕਾਸ ਸ਼ਾਸਤਰੀ,ਅਮਨਦੀਪ ਗੋਲਡੀ,ਸਵਾਮੀ ਰਘੁਨਾਥ,ਮੋਹਿਤ ਜੱਸਲ,ਸਰਵਣ ਯਾਦਵ,ਭਾਜਪਾ ਦੇ ਮੰਡਲ ਪ੍ਰਧਾਨ ਚੇਤਨ ਸੂਰੀ,ਆਲ ਇੰਡਿਆ ਅੱਤਵਾਦ ਵਿਰੋਧੀ ਫਰੰਟ ਦੇ ਪ੍ਰਦੇਸ਼ ਉਪਪ੍ਰਧਾਨ ਰਾਜੇਸ਼ ਭਾਸਕਰ ਲਾਲੀ, ਕਾਂਗਰਸੀ ਆਗੂ ਰਮੇਸ਼ ਮਹਿਰਾ,ਕਾਂਗਰਸੀ ਨੇਤਾ ਅਨਿਲ ਸ਼ੁਕਲਾ,ਨਰੇਸ਼ ਸੇਠੀ ਸਮੇਤ ਵਾਦੀ ਗਿਣਤੀ ਵਿਚ ਮੰਦਿਰ ਕਮੇਟੀਆਂ ਦੇ ਮੈਂਬਰ ਤੇ ਸ਼ਹਿਰ ਵਾਸੀ ਮੌਜੂਦ ਸਨ।

# ਸਰਕਾਰੀ ਪ੍ਰਾਇਮਰੀ ਸਕੂਲ (ਕੁੜੀਆਂ) ਦਾ ਨਤੀਜਾ ਰਿਹਾ ਸ਼ਾਨਦਾਰ



**ਰਾਏਕੋਟ/ਗੁਰਭਿੰਦਰ ਗੁਰੀ**

ਸਰਕਾਰੀ ਪ੍ਰਾਇਮਰੀ ਸਕੂਲ (ਕੁੜੀਆਂ) ਰਾਏਕੋਟ ਦਾ ਪਹਿਲੀ ਜਮਾਤ ਤੋਂ ਚੌਥੀ ਜਮਾਤ ਤੱਕ ਦੇ ਬੱਚਿਆਂ ਦਾ ਨਤੀਜਾ ਸਕੂਲ ਦੀ ਮੁੱਖ ਅਧਿਆਪਕਾ ਹਰਜਿੰਦਰ ਕੌਰ ਦੀ ਯੋਗ ਅਗਵਾਈ @ਚ ਸਕੂਲ ਮੈਨੇਜਮੈਂਟ ਕਮੇਟੀ ਅਤੇ ਬੱਚਿਆਂ ਦੇ ਮਾਪਿਆਂ ਦੀ ਹਾਜ਼ਰੀ @ਚ ਐਲਾਨਿਆ ਗਿਆ। ਇਸ ਦੌਰਾਨ ਐਲਾਨੇ ਗਏ ਨਤੀਜੇ ਅਨੁਸਾਰ ਪਹਿਲੀ, ਦੂਸਰੀ,ਤੀਸਰੀ ਤੇ ਚੌਥੀ ਜਮਾਤ ਚੋਂ ਪਹਿਲੇ, ਦੂਸਰੇ ਤੇ ਤੀਸਰੇ ਨੰਬਰ ਤੇ ਆਉਣ ਵਾਲੇ ਬੱਚਿਆਂ ਨੂੰ ਇਨਾਮਾਂ ਦੀ ਵੰਡ ਮੁੱਖ ਅਧਿਆਪਕ ਹਰਜਿੰਦਰ ਕੌਰ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਤੇ ਸਕੂਲ ਸਟਾਫ ਵੱਲੋਂ ਕੀਤੀ ਗਈ। ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਮੈਡਮ ਹਰਵਿੰਦਰ ਕੌਰ ਨੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ ਅਤੇ ਜੋ ਬੱਚੇ ਇਨਾਮ ਪ੍ਰਾਪਤ ਨਹੀਂ ਕਰ ਸਕੇ ਉਨ੍ਹਾਂ ਨੂੰ ਭਵਿੱਖ @ਚ ਸਖ਼ਤ ਮਿਹਨਤ ਦੀ ਲੋੜ @ਤੇ ਜ਼ੋਰ ਦਿੱਤਾ। ਸਕੂਲ ਦੇ ਸਾਰੇ ਸਟਾਫ ਵੱਲੋਂ ਸਮੁੱਚੇ ਸ਼ਹਿਰ ਨਿਵਾਸੀਆਂ ਤੋਂ ਸਕੂਲ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਸਹਿਯੋਗ ਦੀ ਉਮੀਦ ਜਿਤਾਈ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਤੇ ਬੱਚਿਆਂ ਦੇ ਮਾਪਿਆਂ ਵੱਲੋਂ ਸਕੂਲ ਅਧਿਆਪਕਾਂ ਨੂੰ ਵਿਸ਼ਵਾਸ ਦੁਆਇਆ ਕਿ ਉਹ ਸਕੂਲ ਦੀ ਬਿਹਤਰੀ ਲਈ ਅਧਿਆਪਕਾਂ ਦਾ ਪੂਰਨ ਸਹਿਯੋਗ ਦਿੰਦੇ ਰਹਿਣਗੇ। ਅਖੀਰ @ਚ ਸਕੂਲ ਦੀ ਮੁੱਖ ਅਧਿਆਪਕਾ ਹਰਜਿੰਦਰ ਕੌਰ ਵੱਲੋਂ ਆਏ ਹੋਏ ਕਮੇਟੀ ਮੈਂਬਰਾਂ ਤੇ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਨੂੰ ਹੋਰ ਬੁਲੰਦੀਆਂ ਵੱਲ ਲਿਜਾਣ ਲਈ ਸ਼ਹਿਰ ਵਾਸੀ ਪਹਿਲਾਂ ਦੀ ਤਰ੍ਹਾਂ ਕਦਮ ਨਾਲ ਕਦਮ ਮਿਲਾ ਕੇ ਚੱਲਣ ਤਾਂ ਜੋ ਇਸ ਸਕੂਲ ਨੂੰ ਹੋਰ ਵੀ ਸੁੰਦਰ ਬਣਾਇਆ ਜਾ ਸਕੇ। ਇਸ ਮੌਕੇ ਅਧਿਆਪਕਾ ਰਜਨੀ ਬਾਲਾ, ਇੰਦੂ ਸ਼ਰਮਾਂ, ਕਮਲਪ੍ਰੀਤ ਕੌਰ, ਸਿਮਰਤ ਕੌਰ, ਕਾਮਨੀ ਕੌਸ਼ਿਕ, ਨਾਮਪ੍ਰੀਤ ਸਿੰਘ ਤੋਂ ਇਲਾਵਾ ਰਣਜੀਤ ਕੌਰ, ਹੁਕਮਾਂ ਕੌਰ, ਜਸਵਿੰਦਰ ਕੌਰ ਤੇ ਬਲਵਿੰਦਰ ਕੌਰ ਆਦਿ ਹਾਜ਼ਰ ਸਨ।

# ਅਬਦਾਲ਼ ਵਿਖੇ ਸਕੂਲ ਵਿੱਚ ਦਾਖਲਾ ਵਧਾਉਣ ਦੀ ਮੁਹਿੰਮ ਦਾ ਆਗਾਜ਼




**ਅੰਮ੍ਰਿਤਸਰ/ਰਾਜਾ ਕੋਟਲੀ**

ਜਿਲ੍ਹਾ ਅੰਮ੍ਰਿਤਸਰ ਵਿੱਚ ਪੈਂਦੇ ਸਰਕਾਰੀ ਸਮਾਰਟ ਹਾਈ ਸਕੂਲ ਅਬਦਾਲ਼ ਵਲੋਂ ਨਵੇਂ ਸੈਸ਼ਨ 2022-23 ਵਿੱਚ ਬੱਚਿਆਂ ਦੇ ਦਾਖਲੇ ਨੂੰ ਲੈ ਕੇ ਮਾਪਿਆਂ ਨੂੰ ਜਾਗਰੂਕ ਕਰਨ ਲਈ ਪਿੰਡ ਵਿੱਚ ਵਿਸ਼ੇਸ਼ ਜਾਗਰੂਕਤਾ ਮੁਹਿੰਮ ਰੂਪੀ ਰੈਲੀ ਦਾ ਆਗਾਜ਼ ਸਕੂਲ ਦੀ ਮੁੱਖ ਅਧਿਆਪਕਾ ਸ਼੍ਰੀਮਤੀ ਦੀਪਿਕਾ ਦੀਨ ਜੀ ਦੀ ਅਗਵਾਈ ਵਿੱਚ ਕੀਤਾ ਗਿਆ।ਇਸ ਜਾਗਰੂਕਤਾ ਰੈਲੀ ਰਾਹੀਂ ਸਰਕਾਰੀ ਸਮਾਰਟ ਹਾਈ ਸਕੂਲ ਅਬਦਾਲ ਵਿੱਚ ਮਿਲ ਰਹੀਆਂ ਸਹੂਲਤਾਂ ਬਾਰੇ ਵਿਸਥਾਰ ਵਿੱਚ ਮਾਪਿਆਂ ਨੂੰ ਦਸਿਆ ਗਿਆ।ਸਕੂਲ ਵਿੱਚ ਸਮਾਰਟ ਕਲਾਸਰੂਮ,ਪ੍ਰੋਜੈਕਟਰ ਰਾਹੀਂ ਪੜਾਈ, ਹਾਈ ਟੈਕ ਲਾਇਬ੍ਰੇਰੀ,ਇੰਗਲਿਸ਼ ਲਿਸਨਿੰਗ ਲੈਬ,ਸੋਲਰ ਸਿਸਟਮ, ਜੇਨ੍ਰੇਟਰ ਰਾਹੀਂ ਪਾਣੀ ਅਤੇ ਬਿਜਲੀ ਦਾ ਵਿਸ਼ੇਸ਼ ਪ੍ਰਬੰਧ ਹੈ। ਖੇਡਾਂ ਦਾ ਵਿਸ਼ੇਸ਼ ਪ੍ਰਬੰਧ ਜਿਸ ਵਿੱਚ ਬੱਚਿਆਂ ਨੂੰ ਹਾਕੀ ਅਤੇ ਵਾਲੀਬਾਲ ਦੇ ਸਟੇਟ ਲੈਵਲ ਤੱਕ ਖਿਡਾਇਆ ਜਾਂਦਾ ਹੈ।ਬੱਚਿਆਂ ਦੇ ਚਹੁੰਮੁਖੀ ਵਿਕਾਸ ਲਈ ਸਕੂਲ ਵਿੱਚ ਯੋਗ ਅਧਿਆਪਕਾਂ ਤੋਂ ਲੇ ਕੇ ਹਰ ਤਰ੍ਹਾਂ ਦਾ ਪਰਬੰਧ ਹੈ।ਇਸ ਦਾਖਲਾ ਮੁਹਿੰਮ ਨੂੰ ਬਲਾਕ ਮੈਂਟਰ ਅਨਿਲ ਸ਼ਰਮਾ ਅਤੇ ਬਲਜੀਤ ਸਿੰਘ ਦੇ ਸ਼ਾਮਿਲ ਹੋਣ ਨਾਲ ਵੱਡਾ ਹੁੰਗਾਰਾ ਮਿਲਿਆ।ਸਕੂਲ ਵਿਦਿਆਰਥੀਆਂ ਤੋਂ ਇਲਾਵਾ ਸ.ਗੁਰਵਿੰਦਰ ਸਿੰਘ, ਸ.ਜਗਦੀਪ ਸਿੰਘ ਲਾਡੀ,ਮਨਦੀਪ ਕੁਮਾਰ,ਪ੍ਰੇਮਪਾਲ ਸਿੰਘ,ਬਲਰਾਜ ਸਿੰਘ ਰੰਧਾਵਾ ਅਤੇ ਸਮੂਹ ਅਧਿਆਪਕਾਂ ਨੇ ਪਿੰਡ ਵਾਸੀਆਂ ਨੂੰ ਆਪਣੇ ਬੱਚੇ ਸਕੂਲ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ।

# ਜੋਨ ਕੱਥੂਨੰਗਲ ਦੇ ਚੋਣ ਇਜਲਾਸ ਮੌਕੇ ਸਰਬਸੰਮਤੀ ਨਾਲ ਚੁਣੀ ਗਈ ਜੋਨ ਕੋਰ ਕਮੇਟੀ



**ਅੰਮ੍ਰਿਤਸਰ/ਰਾਜਾ ਕੋਟਲੀ**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਹਲਕਾ ਮਜੀਠਾ ਦੇ ਜੋਨ ਕੱਥੂਨੰਗਲ ਦਾ ਚੋਣ ਇਜਲਾਸ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਅਤੇ ਸੂਬਾ ਆਗੂ ਗੁਰਬਚਨ ਸਿੰਘ ਚੱਬਾ ਦੀ ਅਗਵਾਈ ਹੇਠ ਪਿੰਡ ਰੂਪੋਵਾਲੀ ਦੇ ਗੁਰਦੁਆਰਾ ਬਾਬਾ ਬਕੂਆ ਜੀ ਵਿਖੇ ਹੋਇਆ, ਜਿਸ ਵਿੱਚ ਜੋਨ ਦੇ ਇੱਕੀ ਪਿੰਡਾਂ ਦੀਆਂ ਇਕਾਈਆਂ ਤੇ ਡੈਲੀਗੇਟਾਂ ਵੱਲੋਂ ਸਰਬਸੰਮਤੀ ਨਾਲ ਜੋਨ ਦੀ ਕੋਰ ਕਮੇਟੀ ਚੁਣੀ ਗਈ, ਜਿਸ ਵਿੱਚ ਲਖਬੀਰ ਸਿੰਘ ਕੱਥੂਨੰਗਲ ਪ੍ਰਧਾਨ, ਗੁਰਬਾਜ ਸਿੰਘ ਸਕੱਤਰ, ਸਵਿੰਦਰ ਸਿੰਘ ਰੂਪੋਵਾਲੀ ਖਜਾਨਚੀ, ਸਰਬਨਰੰਜਨ ਸਿੰਘ ਦੁਧਾਲਾ ਸੀਨੀਅਰ ਮੀਤ ਪ੍ਰਧਾਨ, ਅਵਤਾਰ ਸਿੰਘ ਜਹਾਂਗੀਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਜੇਠੂਵਾਲ ਸਹਾਇਕ ਸਕੱਤਰ, ਪਰਜੀਤ ਸਿੰਘ ਮਾਨ ਸੰਗਠਨ ਸਕੱਤਰ, ਹਰਦੀਪ ਸਿੰਘ ਢੱਡੇ ਸਹਾਇਕ ਖਜਾਨਚੀ, ਵਰਿੰਦਰ ਸਿੰਘ ਕੱਥੂਨੰਗਲ ਪ੍ਰੈਸ ਸਕੱਤਰ ਅਤੇ ਇਕਬਾਲ ਸਿੰਘ, ਨਰਿੰਦਰ ਸਿੰਘ ਫੱਤੂਭੀਲਾ, ਜਗਜੀਤ ਸਿੰਘ, ਸਰਬਜੀਤ ਸਿੰਘ ਸਹਿਜਾਦਾ, ਸਿਮਰਤਪਾਲ ਸਿੰਘ, ਪਰਜੀਤ ਸਿੰਘ ਰਾਮਦੀਵਾਲੀ, ਗੁਰਪ੍ਰੀਤ ਸਿੰਘ ਖੁਸ਼ੀ ਪੁਰ, ਰਣਜੀਤ ਸਿੰਘ ਕੱਥੂਨੰਗਲ, ਕਿਰਨਦੀਪ ਸਿੰਘ ਅਜੈਬਵਾਲੀ, ਉਸਤਤਪ੍ਰੀਤ ਸਿੰਘ ਢੱਡੇ, ਪ੍ਰਿਤਪਾਲ ਸਿੰਘ ਦੁਧਾਲਾ, ਬੀਬੀ ਪਰਮਜੀਤ ਕੌਰ, ਬੀਬੀ ਜਸਵਿੰਦਰ ਕੌਰ ਸਹਿਜਾਦਾ, ਬੀਬੀ ਪਰਮਜੀਤ ਕੌਰ, ਬੀਬੀ ਹਰਜਿੰਦਰ ਕੌਰ ਖੁਸੀਪੁਰ, ਅਤੇ ਬੀਬੀ ਰਾਜਵੰਤ ਕੌਰ ਜੋਨ ਦੇ ਮੈਂਬਰ ਚੁਣੇ ਗਏ।ਇਸ ਮੌਕੇ ਸੂਬਾ ਸਕੱਤਰ ਪੰਧੇਰ ਅਤੇ ਚੱਬਾ ਨੇ ਕਿਹਾ ਕਿ ਐਮ.ਐਸ.ਪੀ ਗਰੰਟੀ ਕਾਨੂੰਨ ਬਣਾਉਣਾ, ਬਿਆਸ ਭਾਖੜਾ ਮੈਨੇਜ਼ਮੈਂਟ ਬੋਰਡ ਤੋਂ ਪੰਜਾਬ ਦੀ ਹਿੱਸੇਦਾਰੀ ਖਤਮ ਕਰਨਾ ਅਤੇ ਚਿੱਪ ਵਾਲੇ ਬਿਜਲੀ ਮੀਟਰਾਂ ਆਦਿ ਮੰਗਾਂ ਤੇ ਵਿਚਾਰ ਚਰਚਾ ਕੀਤੀ ਗਈ ਅਤੇ ਮੰਡੀ ਬੋਰਡ ਮਾਰਕੀਟ ਕਮੇਟੀ ਨਾਲ ਕਣਕ ਦੀ ਖਰੀਦ ਸਬੰਧੀ ਮੰਗਾਂ ਤੇ ਬਿਜਲੀ ਸਬੰਧੀ ਮੰਗਾਂ ਨੂੰ ਲੈ ਕੇ ਅਧਿਕਾਰੀਆਂ ਨੂੰ ਮੰਗ ਪੱਤਰ ਵੀ ਦਿੱਤੇ ਗਏ ਹਨ।

# ਡਾ.ਦਵਾਰਕਾ ਨਾਥ ਕੰਨਿਆ ਸ.ਸ.ਸ.ਸਕੂਲ ਰਾਏਕੋਟ ਵਿਚ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ



**ਰਾਏਕੋਟ/ਗੁਰਭਿੰਦਰ ਗੁਰੀ**

ਸਥਾਨਕ ਸ਼ਹਿਰ ਦੀ ਲੜਕੀਆਂ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਡਾ. ਦਵਾਰਕਾ ਨਾਥ ਕੰਨਿਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਏਕੋਟ ਵਿਖੇ ਇੰਚਾਰਜ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਦੀ ਅਗਵਾਈ ਹੇਠ ਵੱਖ ਵੱਖ ਜਮਾਤਾਂ ਦਾ ਨਤੀਜਾ ਤੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਸਮੇਂ ਐੱਸਐੱਮਸੀ ਕਮੇਟੀ ਚੇਅਰਮੈਨ, ਮੈਂਬਰ,ਰਿਟਾਇਰਡ ਪੰਜਾਬੀ ਅਧਿਆਪਕ ਸ਼੍ਰੀਮਤੀ ਸ਼ੀਲਾ ਜੈਨ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਦੌਰਾਨ ਵਿਦਿਆਰਥੀਆਂ ਦੇ ਮਾਪਿਆਂ ਦੀ ਹਾਜ਼ਰੀ ਵਿੱਚ ਸਾਲਾਨਾ ਨਤੀਜਾ ਐਲਾਨਿਆ ਗਿਆ ਤੇ ਸਾਰੀਆਂ ਜਮਾਤਾਂ ਵਿੱਚੋਂ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਅਤੇ ਸਹਿ-ਵਿੱਦਿਅਕ ਪ੍ਰਾਪਤੀਆਂ ਵਾਲੇ ਸਾਰੇ ਵਿਦਿਆਰਥੀਆਂ ਨੂੰ ਇਨਾਮ ਤੇ ਸਰਟੀਫਿਕੇਟ ਵੰਡੇ ਗਏ ਅਤੇ ਸਕੂਲੀ ਵਿਦਿਆਰਥਣਾਂ ਅਨੁਸ਼ਕਾ, ਹਿਨਾ, ਗੀਤਾਂਜਲੀ ਜੋ ਇੰਗਲਿਸ਼ ਬੂਸਟਰ ਕਲੱਬ ਵਿਚ ਜ਼ਿਲ੍ਹਾ ਲੁਧਿਆਣਾ ਲੈਵਲ ਤੇ ਸਟਾਰ ਵਿਦਿਅਰਥੀ ਬਣੇ ਉਨ੍ਹਾਂ ਨੂੰ ਸਪੈਸ਼ਲ ਇਨਾਮ ਦਿੱਤੇ ਗਏ। ਇਸ ਸਮੇਂ ਇੰਚਾਰਜ ਅਮਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਨਵੇਂ ਸੈਸ਼ਨ ਲਈ ਸ਼ੁੱਭ ਇੱਛਾਵਾਂ ਦਿੱਤੀਆਂ ਤੇ ਮਾਪਿਆਂ ਨੂੰ ਵੀ ਵਧਾਈ ਦਿੰਦੇ ਹੋਏ ਦਾਖ਼ਲਾ ਵਧਾਉਣ ਦੇ ਲਈ ਸਹਿਯੋਗ ਦੀ ਮੰਗ ਕਰਦੇ ਹੋਏ ਸਮੂਹ ਅਧਿਆਪਕਾਂ ਨੂੰ ਵੀ ਵਧਾਈ ਦਿੰਦੇ ਹੋਏ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਕੈਰੀਅਰ ਗਾਈਡੈਂਸ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਸਮਾਗਮ ਵਿੱਚ ਅਧਿਆਪਕ ਸੁਰਿੰਦਰਪਾਲ ਕੌਰ,ਪਰਮਿੰਦਰ ਕੌਰ, ਬਲਵੀਰ ਕੌਰ, ਅੰਮ੍ਰਿਤਪਾਲ ਕੌਰ, ਸੁਮਨ ਲਤਾ, ਮਨਜੀਤ ਕੌਰ, ਸੁਰਿੰਦਰ ਕੌਰ, ਗੁਰਜੀਤ ਕੌਰ, ਸਤਵਿੰਦਰ ਕੌਰ, ਚਰਨਜੀਤ ਕੌਰ, ਸੰਧਿਆ ਕਿਰਨ, ਹਰਪ੍ਰੀਤ ਕੌਰ, ਮੋਨਿਕਾ, ਵਨੀਤਾ, ਸੁਖਦੀਪ ਕੌਰ, ਕੁਲਵੰਤ ਕੌਰ, ਜਸਵੀਰ ਕੌਰ ਅਤੇ ਵਿਦਿਆਰਥੀਆਂ ਦੇ ਮਾਪੇ ਹਾਜ਼ਰ ਸਨ।

# ਖੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੁਚੱਕ ਵਲੋਂ ਕਣਕ ਖਰੀਦ ਦੇ ਵਧੀਆ ਵਧੀਆ ਪ੍ਰਬੰਧਾਂ ਦਾ ਉਪਰਾਲਾ : ਰਣਜੋਧ ਹਡਾਣਾ



**ਪਟਿਆਲਾ/ਸਨੌਰ/(ਇਕਬਾਲ ਸਿੰਘ**

ਆਮ ਆਦਮੀ ਪਾਰਟੀ ਬੀ ਸੀ ਵਿੰਗ ਦੇ ਪ੍ਰਧਾਨ ਰਣਜੋਧ ਸਿੰਘ ਹਡਾਣਾ ਵਲੋਂ ਖੁਰਾਕ ਤੇ ਸਪਲਾਈ ਮੰਤਰੀ ਪੰਜਾਬ ਨਾਲ ਮੁਲਾਕਾਤ ਕੀਤੀ ਗਈ , ਜਿਸ ਵਿੱਚ ਉਨਾ ਨੂੰ ਖੁਰਾਕ ਤੇ ਸਪਲਾਈ ਮੰਤਰੀ ਵਲੋਂ ਭਰੋਸਾ ਦਿੱਤਾ ਗਿਆ , ਪੰਜਾਬ ਵਿਚੋਂ ਕਣਕ ਦਾ ਇਕ ਇਕ ਦਾਣਾ ਖਰੀਦਣ ਲਈ ਪੰਜਾਬ ਸਰਕਾਰ ਵਚਨਬੱਧ ਹੈ, ਕਣਕ ਦੀ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕਿਸਾਨਾ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ , ਖੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੁਚੱਕ ਵਲੋਂ ਕਣਕ ਖਰੀਦ ਦੇ ਵਧੀਆ ਵਧੀਆ ਪ੍ਰਬੰਧਾਂ ਦਾ ਉਪਰਾਲਾ

## ਕਣਕ ਦੀ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕਿਸਾਨਾ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਵੇਗੀ : ਰਣਜੋਧ ਹਡਾਣਾ

ਕੀਤਾ ਜਾ ਰਿਹਾ ਹੈ , ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਮੰਡੀ ਦੀ ਖ਼ਰੀਦ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਕਿਸਾਨਾਂ ਦੀ ਫ਼ਸਲ ਦੇ ਡਿਜੀਟਲ ਜੇ ਫਾਰਮ ਵ੍ਹੱਟਸਐਪ ਰਾਹੀਂ ਜਾਰੀ ਕੀਤੇ ਜਾਣਗੇ ਖਰੀਦ ਸਬੰਧੀ ਮੰਡੀਆਂ ਵਿੱਚ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਆੜ੍ਹਤੀਆਂ ਨੂੰ ਖਰੀਦ ਏਜੰਸੀਆਂ ਵੱਲੋਂ ਬਾਰਦਾਨੇ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ, ਇੱਕ ਤਰੀਕ ਤੋਂ ਪੰਜਾਬ ਵਿੱਚ ਕਣਕ ਦੀ ਖਰੀਦ ਸ਼ੁਰੂ ਹੋ ਚੁੱਕੀ ਹੈ ਪਰ ਚਾਰ ਪੰਜ ਤਰੀਕ ਤੋਂ ਮੰਡੀਆਂ ਵਿੱਚ ਖੁੱਲ੍ਹੇ ਰੂਪ ਚ ਕਣਕ ਦੀ ਆਮਦ ਸ਼ੁਰੂ ਹੋ ਜਾਵੇਗੀ, ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਕਿਸਾਨਾ ਅਤੇ ਪੰਜਾਬ ਦੇ ਆਮ ਲੋਕਾਂ ਦੇ ਹਿਤਾਂ ਦੀ ਰਾਖੀ ਲਈ ਦਿਨ ਰਾਤ ਇਕ ਕਰ ਦੇਵੇਗੀ , ਪੰਜਾਬ ਦੇ ਆਮ ਲੋਕਾਂ ਨੂੰ ਵਧੀਆ ਸਰਕਾਰ ਅਤੇ ਵਧੀਆ ਪ੍ਰਸ਼ਾਸਨ ਦਾ ਅਹਿਸਾਸ ਹੁਣ ਹੋਣ ਲਗ ਗਿਆ ਹੈ।

# ਪੁਲੀਸ ਨੇ ਦੋ ਦਿਨ ਪਹਿਲਾਂ ਹੋਏ ਬਲਾਈਂਡ ਮਰਡਰ ਦੀ ਗੁੱਥੀ ਨੂੰ ਸੁਲਝਾਉਣ ਵਿੱਚ ਕੀਤੀ ਕਾਮਯਾਬੀ ਹਾਸਲ



**ਪਟਿਆਲਾ/ਇਕਬਾਲ ਸਿੰਘ**

ਪੁਲੀਸ ਨੇ ਦੋ ਦਿਨ ਪਹਿਲਾਂ ਹੋਏ ਬਲਾਈਂਡ ਮਰਡਰ ਦੀ ਗੁੱਥੀ ਨੂੰ ਸੁਲਝਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਪਟਿਆਲਾ ਡਾ. ਨਾਨਕ ਸਿੰਘ ਨੇ ਦੱਸਿਆ ਕਿ ਪੁਲਸ ਨੇ ਇਸ ਕੇਸ ਦੀ ਮੁਸਤੈਦੀ ਦੀ ਜਦੋਂ ਪੜਤਾਲ ਕੀਤੀ ਉਦੋਂ ਪਾਇਆ ਕਿ ਇਕ ਵਿਅਕਤੀ ਜਿਹੜਾ ਕਿ ਮ੍ਰਿਤਕ ਵਿਜੈ ਦੀ ਪਤਨੀ ਦੇ ਨਾਲ ਵਿਆਹ ਕਰਨਾ ਚਾਹੁੰਦਾ ਸੀ ਅਤੇ ਵਿਜੈ ਅਤੇ ਉਸਦੀ ਪਤਨੀ ਇਸ ਵਿਅਕਤੀ ਨੂੰ ਪਸੰਦ ਨਹੀਂ ਕਰਦੀ ਸੀ ਅਤੇ ਇਸ ਦੇ ਚਲਦੇ ਹੋਏ ਵਿਜੇ ਕੁਮਾਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇੱਥੇ ਐੱਸ ਐਸ ਪੀ ਪਟਿਆਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਾਰਦਾਤ ਵਿੱਚ ਇਹ ਦੋ ਲੋਕ ਸ਼ਾਮਿਲ ਸੀ ਜਿਸ ਵਿਚ ਇਕ ਵੀਰ ਸਿੰਘ ਨਾਮਕ ਵਿਅਕਤੀ ਨੂੰ ਪੁਲੀਸ ਨੇ ਧਰ ਦਬੋਚਿਆ ਅਤੇ ਦੂਸਰੇ ਦੀ ਤਲਾਸ਼ ਜਾਰੀ ਹੈ। ਇਨ੍ਹਾਂ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰ ਰਿਮਾਂਡ ਤੇ ਲਿਆ ਜਾਏਗਾ। ਉਮੀਦ ਹੈ, ਇਨਵੈਸਟੀਗੇਸ਼ਨ ਵਿਚ ਹੋਰ ਸੱਚਾਈ ਨਿਕਲ ਕੇ ਸਾਹਮਣੇ ਆਏਗੀ।

# ਨਕੁਦਰਤੀ ਸੋਮਿਆਂ ਦੀ ਵਰਤੋਂ ਸੰਜ਼ਮ ਨਾਲ ਕਰੋ : ਗਿੱਲ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸਾਨੂੰ ਕੁਦਰਤੀ ਸੋਮਿਆਂ ਨਾਲ ਖਿਲਵਾੜ ਨਹੀਂ ਕਰਨਾ ਚਾਹੀਦਾ ਤੇ ਕੁਦਰਤੀ ਸੋਮਿਆਂ ਦੀ ਜਿੰਨਾ ਵਿੱਚ ਬਿਜਲੀ, ਪਾਣੀ, ਗੈਸ ਡੀਜ਼ਲ ਪੈਟਰੋਲ ਆਦਿ ਦੀ ਵਰਤੋਂ ਬਹੁਤ ਹੀ ਸੰਜ਼ਮ ਨਾਲ ਕਰਨੀ ਚਾਹੀਦੀ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਬ ਡਵੀਜ਼ਨ ਫਤਿਹਪੁਰ ਰਾਜਪੂਤਾਂ ( ਨਵਾਂ ਪਿੰਡ ) ਵਿਖੇ ਇੰਜੀ.ਐਕਸੀਅਨ ਜੰਡਿਆਲਾ ਗੁਰੂ ਦਰਸ਼ਨ ਸਿੰਘ ਗਿੱਲ, ਆਰ. ਏ. ਰਣਬੀਰ ਸਿੰਘ ਗਿੱਲ ਤੇ ਉਹਨਾਂ ਦੇ ਸਾਥੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ???। ਉਹਨਾਂ ਕਿਹਾ ਕਿ ਜੇ ਅਸੀਂ ਇਹਨਾਂ ਕੁਦਰਤੀ ਸੋਮਿਆਂ ਦੀ ਸੰਭਾਲ ਨਾ ਕੀਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੀ ਵੀ ਮੁਆਫ਼ ਨਹੀਂ ਕਰਨਗੀਆਂ। ਇਸ ਮੌਕੇ ਤੇ ਸਾਬਕਾ ਐਸਡੀਓ ਦਿਨੇਸ਼ ਗੁਪਤਾ, ਜੇਈ ਮਲਕੀਤ ਸਿੰਘ ਮਹਿਣੀਆਂ, ਜੇਈ ਜਰਨੈਲ ਸਿੰਘ ਛੀਨਾ, ਜੇਈ ਰਤਨ ਸਿੰਘ, ਜੇਈ ਸੁਖਰਾਜ ਸਿੰਘ ਚਾਹਲ ਰਸੂਲਪੁਰ ਕਲਾਂ, ਸਾਬਕਾ ਐਸਡੀਓ ਬਲਵੰਤ ਸਿੰਘ ਤੀਰਥਪੁਰਾ, ਪ੍ਰਧਾਨ ਨਰਿੰਦਰ ਸਿੰਘ ਗਿੱਲ ਮਹਿਣੀਆਂ, ਸਰਪੰਚ ਸਰਪ੍ਰੀਤ ਸਿੰਘ ਸਰਕਾਰੀਆ ਅਕਾਲ ਗੜ ਢਪੱਈਆਂ, ਜੇਈ ਸਾਹਬੀ, ਸਵਿੰਦਰ ਸਿੰਘ, ਜੇਈ ਦਲਜੀਤ ਸਿੰਘ, ਹਰਦੀਪ ਸਿੰਘ ਮਾਨਾਂਵਾਲਾ, ਸਬ ਡਵੀਜ਼ਨ ਪ੍ਰਧਾਨ ਜੰਗਬੀਰ ਸਿੰਘ ਰਾਏਪੁਰ ਕਲਾਂ, ਸਾਬਕਾ ਲਾਇਨ ਮੈਨ ਬਲਦੇਵ ਸਿੰਘ ਛਾਪਾ, ਗੁਰਮਖ ਸਿੰਘ ਢਪੱਈਆ, ਆਪ ਆਗੂ ਮੇਜਰ ਸਿੰਘ, ਹਰਮੀਤ ਸਿੰਘ ਫ਼ੌਜੀ, ਕੰਵਲ ਸਿੰਘ ਢਪੱਈਆ, ਹਰਪ੍ਰੀਤ ਸਿੰਘ ਮੀਟਰ ਰੀਡਰ, ਇੰਜੀ. ਬਲਜੀਤ ਸਿੰਘ ਜੰਮੂ, ਬਲਾਕ ਸੰਮਤੀ ਮੈਂਬਰ ਰਵਿੰਦਰ ਸਿੰਘ ਰਵੀ ਫਤਿਹਪੁਰ ਰਾਜਪੂਤਾਂ, ਇੰਜੀ. ਕਰਨਬੀਰ ਸਿੰਘ ਥਿੰਦ, ਡਾਇਰੈਕਟਰ ਸੁਖਜੀਤ ਸਿੰਘ ਥਿੰਦ, ਰਵੀ ਛਾਪਾ, ਜਗਰੂਪ ਸਿੰਘ ਨਵਾਂ ਪਿੰਡ, ਅਮਰਬੀਰ ਸਿੰਘ ਸ਼ੇਰਾ, ਬਲਦੇਵ ਸਿੰਘ ਛਾਪਾ, ਜੱਜ ਛਾਪਾ, ਰਵੀ ਮਲਕਪੁਰ, ਅੰਮਿਤ, ਗੁਰਜੀਤ ਸਿੰਘ ਢਪੱਈਆਂ, ਸੇਵਕ ਸਿੰਘ ਢਪੱਈਆਂ, ਰਾਜਾ ਢਪੱਈਆਂ ਤੇ ਹੋਰ ਵੀ ਇਲਾਕੇ ਦੀਆਂ ਕਈ ਨਾਮਵਰ ਸ਼ਖਸੀਅਤਾਂ ਨੇ ਲੋਕਾਂ ਨੂੰ ਕੁਦਰਤੀ ਸੋਮਿਆਂ ਦੀ ਸੰਜਮ ਨਾਲ ਵਰਤੋਂ ਕਰਨ ਦੀ ਅਪੀਲ ਕੀਤੀ।

# 7 ਅਪ੍ਰੈਲ ਤੋਂ 7 ਮਈ ਤੱਕ ਹਫ਼ਤੇ ਦੇ ਸੱਤ ਦਿਨ ਚੱਲਣਗੇ ਸੇਵਾ ਕੇਂਦਰ-ਡੀ ਸੀ ਵਿਸ਼ੇਸ਼ ਸਾਰੰਗਲ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸੇਵਾ ਕੇਂਦਰਾਂ 'ਤੇ ਬਿਨੈਕਾਰਾਂ ਦੀ ਭਾਰੀ ਭੀੜ ਨੂੰ ਦੇਖਦੇ ਹੋਏ ਅਤੇ ਆਮ ਲੋਕਾਂ ਦੀ ਸਹੂਲਤ ਲਈ ਜ਼ਿਲ੍ਹੇ ਵਿਚ ਹੁਣ ਸਾਰੇ ਸੇਵਾ ਕੇਂਦਰ 7 ਅਪ੍ਰੈਲ ਅਤੇ 7 ਮਈ ਤੱਕ ਹਫ਼ਤੇ ਵਿਚ ਸੱਤ ਦਿਨ ਕੰਮ ਕਰਨਗੇ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸੇਵਾ ਕੇਂਦਰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਡਿਊਟੀ ਰੋਸਟਰ-1 ਲਈ ਸਟਾਫ ਸਵੇਰੇ 8 ਵਜੇ ਤੋਂ ਸਵੇਰੇ 4 ਵਜੇ ਤੱਕ ਕੰਮ ਕਰੇਗਾ ਅਤੇ ਉਨ੍ਹਾਂ ਦੇ ਦੁਪਹਿਰ ਦੇ ਖਾਣੇ ਦਾ ਸਮਾਂ ਦੁਪਹਿਰ 12 ਤੋਂ 12.30 ਵਜੇ ਤੱਕ ਹੋਵੇਗਾ। ਇਸੇ ਤਰ੍ਹਾਂ ਡਿਊਟੀ ਰੋਸਟਰ-2 ਵਿੱਚ ਸਟਾਫ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਕੰਮ ਕਰੇਗਾ ਅਤੇ ਦੁਪਹਿਰ ਦੇ ਖਾਣੇ ਦਾ ਸਮਾਂ ਦੁਪਹਿਰ 2 ਤੋਂ 2.30 ਵਜੇ ਤੱਕ ਹੋਵੇਗਾ।ਉਨ੍ਹਾਂ ਦੱਸਿਆ ਕਿ 100 ਫੀਸਦੀ ਕਾਊਂਟਰ ਆਮ ਲੋਕਾਂ ਲਈ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਖੁੱਲ੍ਹੇ ਰਹਿਣਗੇ ਅਤੇ 50 ਫੀਸਦੀ ਕਾਊਂਟਰ ਸਵੇਰੇ 8 ਤੋਂ 10 ਵਜੇ ਅਤੇ ਸ਼ਾਮ 4 ਤੋਂ ਸ਼ਾਮ 6 ਵਜੇ ਤੱਕ ਖੁੱਲ੍ਹਣਗੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ਼ਨੀਵਾਰ ਅਤੇ ਐਤਵਾਰ ਨੂੰ ਸੇਵਾ ਕੇਂਦਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਸਿਰਫ਼ ਡਿਊਟੀ ਰੋਸਟਰ-1, ਸਟਾਫ਼ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਕੰਮ ਕਰੇਗਾ ਅਤੇ ਦੁਪਹਿਰ ਦੇ ਖਾਣੇ ਦਾ ਸਮਾਂ ਦੁਪਹਿਰ 12 ਤੋਂ 12.30 ਵਜੇ ਤੱਕ ਹੋਵੇਗਾ।

# ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਪਾਠ ਦੇ ਭੋਗ ਪਾਏ

**ਰਾਏਕੋਟ/ਗੁਰਭਿੰਦਰ ਗੁਰੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਚਲਾਈ ਜਾ ਰਹੀ ਵਿਦਿਅਕ ਸੰਸਥਾ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਰਬੱਤ ਦੇ ਭਲੇ ਅਤੇ ਬੱਚਿਆਂ ਦੇ ਸ਼ੈਸ਼ਨ 2021-2022 ਦੌਰਾਨ ਵਧੀਆਂ ਕਾਰਗੁਜਾਰੀ ਵਾਹਿਗੁਰੂ ਜੀ ਦੇ ਸ਼ੁਕਰਾਨੇ ਅਤੇ ਆਉਣ ਵੇਲੇ ਸ਼ੈਸਨ 2022-2023 ਲਈ ਮੇਹਰ ਭਰਿਆਂ ਹੱਥ ਰੱਖਣ ਲਈ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜੱਥੇਦਾਰ ਜਗਜੀਤ ਸਿੰਘ ਤਲਵੰਡੀ, ਗੁਰੁਦੁਆਰਾ ਟਾਹਲੀਆਣਾ ਸਾਹਿਬ ਜੀ ਦੇ ਮੈਨੇਜਰ ਭਾਈ



ਗੁਰਸੇਵਕ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਸਮੇਂ ਜਿੱਥੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਲਾਹੀ ਕੀਰਤਨ ਕੀਤਾ ਗਿਆ ਉੱਥੇ ਹੀ ਭਾਈ ਅਮ੍ਰਿਤਪਾਲ ਸਿੰਘ ਪ੍ਰਚਾਰਕ ਰਾਏਕੋਟ ਵੱਲੋਂ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਡਿੰਪਲ ਢਿੱਲੋਂ ਨੇ ਦੱਸਿਆ ਕਿ ਇਸ ਸੰਸਥਾ ਵੱਲੋਂ ਸਕੂਲ ਵਿੱਚ ਪੰਜਾਬੀ ਦੀ ਪੜ੍ਹਾਈ ਤੋਂ ਇਲਾਵਾ ਧਾਰਮਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਉਨਾਂ ਕਿਹਾ ਕਿ ਇਹ ਸੰਸਥਾ ਬੱਚਿਆਂ ਦੇ ਸਿੱਖਿਆ, ਖੇਡਾਂ ਅਤੇ ਹੋਰ ਸਰਬਪੱਖੀ ਵਿਕਾਸ ਦੇ ਮਿਆਰ ਨੂੰ ਉੱਚ ਗੁਣਵੱਤਾ ਦੇ ਅਧਾਰ ਤੇ ਬਣਾਈ ਰੱਖਣ ਲਈ ਯਤਨਸ਼ੀਲ ਹੈ। ਉਨਾਂ ਕਿਹਾ ਕਿ ਮਾਪੇ ਸਾਨੂੰ ਪਹਿਲਾਂ ਦੀ ਤਰਾਂ ਸੰਪੂਰਨ ਸਹਿਯੋਗ ਦਿੰਦੇ ਰਹਿਣ ਤਾਂ ਅਸੀਂ ਦੇ ਪੜ੍ਹਾਈ ਵਿਚ ਹੋਰ ਵੀ ਸੁਧਾਰ ਕਰ ਸਕਦੇ ਹਾਂ। ਇਸ ਮੌਕੇ ਗੁਰਮੇਲ ਸਿੰਘ (ਧਾਰਮਿਕ ਅਧਿਆਪਕ), ਸਤਵੀਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਏ ਡੀ ਸੀ ਵੱਲੋਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਦੇ ਚਾਹਵਾਨਾਂ ਦੀ ਕਾਉਂਸਲਿੰਗ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਮੇਜਰ ਅਮਿਤ ਸਰੀਨ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)-ਕਮ-ਮੁੱਖ ਕਾਰਜਕਾਰੀ ਅਫਸਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜ਼ਿਲ੍ਹੇ ਦੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਦੇ ਚਾਹਵਾਨ ਉਮੀਦਵਾਰਾਂ ਦੀ ਕਾਉਂਸਲਿੰਗ ਕੀਤੀ ਗਈ।ਉਨ੍ਹਾਂ ਵੱਲੋਂ ਉਮੀਦਵਾਰਾਂ ਨਾਲ ਪ੍ਰੀਖਿਆਵਾਂ ਦੀ ਤਿਆਰੀ ਦੇ ਸਬੰਧ ਵਿੱਚ ਬਹੁਤ ਹੀ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਉਮੀਦਵਾਰਾਂ ਨੂੰ ਤਿਆਰੀ ਸਬੰਧੀ ਅਖਬਾਰ, ਸਬੰਧਤ ਕਿਤਾਬਾਂ, ਮੈਗਜ਼ੀਨ ਸਬੰਧੀ ਦੱਸਿਆ ਗਿਆ ਅਤੇ ਨਾਲ ਹੀ ਬਿਊਰੋ ਦੀ ਲਾਇਬ੍ਰੇਰੀ ਦਾ ਲਾਭ ਲੈਣ ਲਈ ਕਿਹਾ ਗਿਆ। ਵਧੀਕ ਡਿਪਟੀ ਕਮਿਸ਼ਰ ਜੀ ਵੱਲੋਂ ਉਮੀਦਵਾਰਾਂ ਨੂੰ ਪ੍ਰੀਖਿਆਵਾਂ ਦੀ ਤਿਆਰੀ ਲਈ ਆਪਣੀਆਂ ਆਦਤਾਂ ਵਿੱਚ ਲੋੜੀਂਦਾ ਸੁਧਾਰ ਅਤੇ ਇੱਕ ਟਾਈਮ ਟੇਬਲ ਬਣਾਉਣ ਲਈ ਕਿਹਾ ਗਿਆ। ਸ੍ਰੀ ਹਰਮਨਦੀਪ ਸਿੰਘ, ਕਰੀਅਰ ਕਾਊਂਸਲਰ ਵੱਲੋਂ ਉਮੀਦਵਾਰਾਂ ਨੂੰ ਬਿਊਰੋ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਬਿਊਰੋ ਦੀ ਲਾਇਬ੍ਰੇਰੀ, ਫ੍ਰੀ ਕੋਚਿੰਗ ਅਤੇ ਫਰੀ ਇੰਟਰਨੈੱਟ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸੰਜੀਵ ਕੁਮਾਰ, ਜ਼ਿਲ੍ਹਾ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੀ ਹਾਜ਼ਰ ਸਨ।

# ਨਗਰ ਕੌਂਸਲ ਪ੍ਰਧਾਨ ਦੇ ਭਰੋਸੇ ਤੋਂ ਬਾਅਦ ਸਫਾਈ ਸੇਵਕਾਂ ਦਾ ਚੱਲ ਰਿਹਾ ਧਰਨਾ ਸਮਾਪਤ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਬੀਤੇ ਕਈ ਦਿਨਾਂ ਤੋਂ ਨਗਰ ਕੌਂਸਲ ਦੀਨਾਨਗਰ ਦੇ ਸਫਾਈ ਕਰਮਚਾਰੀਆਂ ਵਲੋਂ ਸਫਾਈ ਸੇਵਕਾਂ ਦੀ ਭਰਤੀ ਨੂੰ ਲੈ ਕੇ ਨਗਰ ਕੌਂਸਲ ਦਫਤਰ ਦੇ ਬਾਹਰ ਧਰਨਾ ਲਗਾਇਆ ਹੋਇਆ ਸੀ ਜਿਸਨੂੰ ਅੱਜ ਨਗਰ ਕੌਂਸਲ ਦੇ ਪ੍ਰਧਾਨ ਪਰਮਿੰਦਰ ਸਿੰਘ ਨੀਟੂ ਚੋਹਾਨ ਵੱਲੋਂ ਧਰਨਾਕਾਰੀਆਂ ਨੂੰ ਜੂਸ ਪਿਲਾ ਕੇ ਧਰਨਾ ਖਤਮ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਆਉਣ ਵਾਲੇ ਕੁੱਝ ਦਿਨਾਂ ਤੱਕ ਸਫਾਈ ਸੇਵਕਾਂ ਦੀ ਰਚਨਾ ਕੀਤੀ ਜਾਵੇਗੀ ਜਿਸ ਵਿੱਚ ਇਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਗਰ ਕੌਂਸਲ ਦੇ ਪ੍ਰਧਾਨ ਨੀਟੂ ਚੋਹਾਨ ਨੇ ਦੱਸਿਆ ਕਿ ਪਿਛਲੇ ਕੁੱਝ ਮਹੀਨੇ ਪਹਿਲਾਂ ਨਗਰ ਕੌਂਸਲ ਚ ਸਫਾਈ ਸੇਵਕਾਂ ਦੀ ਨਿਯੁਕਤੀ ਕੀਤੀ ਗਈ ਸੀ ਜੋ ਸਫਾਈ ਕਰਮਚਾਰੀ ਇਸ ਤੋਂ ਵਾਂਝੇ ਰਹਿ ਗਏ ਸਨ ਉਨ੍ਹਾਂ ਵੱਲੋਂ ਆਪਣੀਆਂ ਮੰਗਾਂ ਪ੍ਰਤੀ ਨਗਰ ਕੌਂਸਲ ਦਫਤਰ ਦੇ ਬਾਹਰ ਧਰਨਾ ਲਗਾਇਆ ਹੋਇਆ ਸੀ ਜਿਨ੍ਹਾਂ ਨੂੰ ਅੱਜ ਭਰੋਸਾ ਦਿੱਤਾ ਗਿਆ ਹੈ ਕਿ ਉਨ੍ਹਾਂ ਦੀ ਨਿਯੁਕਤੀ ਵੱਲ ਵੀ ਜਲਦੀ ਧਿਆਨ ਦਿੱਤਾ ਜਾਵੇਗਾ ਜਿਸ ਨੂੰ ਲੈ ਕੇ ਅੱਜ ਧਰਨੇ ਤੇ ਬੈਠੇ ਸਫਾਈ ਸੇਵਕਾਂ ਨੇ ਆਪਣਾ ਧਰਨਾ ਚੁੱਕ ਲਿਆ ਹੈ। ਇਸ ਮੌਕੇ ਤੇ ਕਾਰਜ ਸਾਧਕ ਅਫਸਰ ਜਤਿੰਦਰ ਮਹਾਜਨ, ਨਗਰ ਕੌਂਸਲ ਦੇ ਵਾਈਸ ਪ੍ਰਧਾਨ ਬਾਬਾ ਪ੍ਰਵੀਨ ਜੀ, ਕੌਂਸਲਰ ਅਜੇ ਕੁਮਾਰ, ਜਿੰਮੀ ਬਰਾੜ , ਮਨੋਜ ਗੁਪਤਾ ਰਜਿੰਦਰ ਦੀਪਾ ਆਦਿ ਹਾਜ਼ਰ ਸਨ।

# ਵਿਰਕ ਨੇ ਪੰਜਾਬ ਦੇ ਦਰਿਆਈ ਪਾਣੀਆ ਦੀ ਰਿਆਲਟੀ ਦੀ ਗੁਆਂਡੀ ਸੂਬਿਆ ਤੋ ਕੀਤੀ ਮੰਗ



**ਪਟਿਆਲਾ/ਘਨੌਰ/ਇਕਬਾਲ ਸਿੰਘ**

ਕਾਂਗਰਸ ਕਿਸਾਨ ਸੈੱਲ ਦੇ ਸੂਬਾ ਜਨਰਲ ਸੱਕਤਰ ਸ੍ਰ. ਹਰਿੰਦਰ ਸਿੰਘ ਵਿਰਕ ਨੇ ਸੂਬੇ ਦੇ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਗੁਆਡੀ ਰਾਜਾਂ ਹਰਿਆਣਾ, ਦਿੱਲੀ, ਰਾਜਸਥਾਨ ਨੂੰ ਜਾ ਰਹੇ ਅਤੇ ਜਾ ਚੁੱਕੇ ਪੰਜਾਬ ਦੇ ਦਰਿਆਵਾਂ ਦੇ ਪਾਣੀਆ ਦੀ ਰਿਆਲਟੀ ਲਈ ਜੋਰ - ਦਬਾਉ ਬਨਾਉਣ । ਸ੍ਰ. ਵਿਰਕ ਨੇ ਯਾਦ ਕਰਵਾਉਂਦਿਆ ਕਿਹਾ ਕਿ ਤੱਤਕਾਲੀਨ ਪੰਜਾਬ ਸਰਕਾਰ ਵਲੋਂ 16 ਨਵੰਬਰ 2016 ਨੂੰ ਵਿਧਾਨ ਸਭਾ ਵਿੱਚ ਪੰਜਾਬ ਦੇ ਨਾਨ- ਰਿਪੇਰੀਅਨ ਸੂਬਿਆ ਨੂੰ ਜਾ ਰਹੇ ਪਾਣੀਆ ਦੀ ਰਿਆਲਟੀ ਲਈ ਮਤਾ ਪਾਸ ਕੀਤਾ ਗਿਆ ਸੀ । ਪਰ ਉਸ ਬਾਬਤ ਹੁਣ ਤੱਕ ਕਿਸੇ ਸਰਕਾਰਾਂ ਦੁਆਰਾ ਠੋਸ ਕਾਨੂੰਨੀ ਚਾਰਜੋਈ ਨਹੀਂ ਹੋਈ । ਸ੍ਰ. ਵਿਰਕ ਨੇ ਕਿਹਾ ਕਿ ਵਿਧਾਨ ਸਭਾ ਵਿੱਚ ਸੱਤਾਧਾਰੀ ਸਰਕਾਰਾਂ ਦੁਆਰਾਂ ਸਿਰਫ ਸਿਆਸੀ ਲਾਭ ਲਈ ਅਜਿਹੇ ਡਰਾਮੇ ਕੀਤੇ ਜਾਂਦੇ ਜਾਪਦੇ ਹਨ । ਸ੍ਰ. ਵਿਰਕ ਨੇ ਵਿਅੰਗ ਕਰਦਿਆ ਕਿਹਾ ਕਿ ਅਗਰ ਉਨ੍ਹਾਂ ਮਤਿਆ ਉੱਤੇ ਸਰਕਾਰਾਂ ਪਹਿਰਾ ਨਹੀਂ ਦੇ ਸਕਦੇ ਤਾ ਲੋਕਾ ਨੂੰ ਨਾਟਕ ਕਰ ਬੇਵਕੂਫ ਨਾ ਬਨਾਇਆ ਜਾਵੇ । ਸ੍ਰ. ਵਿਰਕ ਨੇ ਕਿਹਾ ਕਿ ਅਗਰ ਸੂਬੇ ਦੇ ਸਿਆਸੀ ਧਿਰਾਂ ਵਾਕਈ ਹੀ ਪੰਜਾਬ ਦੀ ਖੁਸ਼ਹਾਲੀ ਲਈ ਸੁਹਿਰਦ ਹਨ ਤਾਂ ਪੰਜਾਬ ਨੂੰ ਝੋਨਾ-ਜੀ ?ਰੀ ਰਹਿਤ ਸੂਬਾ ਬਨਾਉਣਾ ਬਹੁਤ ਜਰੂਰੀ ਹੈ ੍ਤਦ ਤੱਕ ਸੂਬੇ ਦੀ ਸਿੰਜਾਈ ਦਰਿਆਈ ਪਾਣੀਆ ਨਾਲ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਧਰਤੀ ਹੇਠਲਾ ਪਾਣੀ ਦਾ ਪੱਧਰ ਬਚਾਇਆ ਜਾ ਸਕੇ । ਸ੍ਰ. ਵਿਰਕ ਨੇ ਮੌਜੂਦਾ ਸਰਕਾਰ ਦੇ ਨੁਮਾਇੰਦਿਆ ਨੂੰ ਵਿੱਤੀ ਸੰਕਟ ਝੱਲ ਰਹੇ ਸੂਬੇ ਨੂੰ ਬਚਾਉਣ ਲਈ ਵੀ ਰਿਆਲਟੀ ਦਾ ਪੈਸਾ ਵੱਡੀ ਰਾਹਤ ਦੇ ਸਕਦਾ ਹੈ । ਸ੍ਰ. ਵਿਰਕ ਨੇ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਨੂੰ ਆਪਣਾ ਸਟੈਂਡ ਸੱਪਸਟ ਕਰਨ ਲਈ ਕਿਹਾ ਕਿ ਪੰਜਾਬੀਆ ਨੂੰ ਸਪੱਸ਼ਟ ਕਰਨ ਕਿ ਉਹ ਪੰਜਾਬ ਦੇ ਪਾਣੀਆ ਲਈ ਪੰਜਾਬ ਲਈ ਖੜੇ ਹਨ ਜਾਂ ਕੇਜਰੀਵਾਲ ਨਾਲ । ਸ੍ਰ. ਵਿਰਕ ਨੇ ਆਸ ਕੀਤੀ ਕਿ ਮਾਨ ਸਾਬ ਦਿੱਲੀ ਦੀ ਬਜਾਏ ਪੰਜਾਬ ਨਾਲ ਖੜਨਗੇ ।

# ਮਾਪਿਆਂ ਨੇ ਭਾਰੀ ਉਤਸ਼ਾਹ ਨਾਲ ਸਮਾਰਟ ਸਕੂਲ ਫ਼ੀਲਖ਼ਾਨਾ ਪਟਿਆਲਾ ਦੀ ਮਾਪੇ-ਅਧਿਆਪਕ ਮਿਲਣੀ 'ਚ ਸ਼ਮੂਲੀਅਤ ਕੀਤੀ



**ਪਟਿਆਲਾ/ਇਕਬਾਲ ਸਿੰਘ**

ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ ਦੀ ਯੋਗ ਅਗਵਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨਅੀਰ ਸੈਕੰਡਰੀ ਸਮਾਰਟ ਸਕੂਲ ਫ਼ੀਲਖ਼ਾਨਾ ਵਿੱਚ ਨਾਨ-ਬੋਰਡ ਜਮਾਤਾਂ ਦੇ ਬੱਚਿਆਂ ਦੇ ਸਾਲਾਨਾ ਨਤੀਜੇ ਸੰਬੰਧੀ ਜਾਣਕਾਰੀ ਦੇਣ ਲਈ ਮਾਪੇ-ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ।

ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ ਅਤੇ ਸਮੂਹ ਅਧਿਆਪਕਾਂ ਵਲੋਂ ਸਮੂਹ ਨਾਨ-ਬੋਰਡ ਜਮਾਤਾਂ ਦੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵਧੀਆ ਸਿੱਖਿਆ ਪ੍ਰਾਪਤੀ ਲਈ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ ਨੇ ਦੱਸਿਆ ਕਿ ਸਕੂਲ ਮੀਡੀਆ ਕੋਆਰਡੀਨੇਟਰ ਅਕਸ਼ੈ ਕੁਮਾਰ ਅਤੇ ਹਿਸਟਰੀ ਲੈਕਚਰਾਰ ਕੰਵਰਜੀਤ ਧਾਲੀਵਾਲ ਦੀ ਅਗਵਾਈ ਵਿੱਚ ਅੱਜ ਸੰਸਥਾ ਵਿਖੇ ਵਿਸ਼ੇਸ਼ ਦਾਖ਼ਲਾ ਇਨਕੁਆਰੀ ਕਾਉਂਟਰ ਲਗਾਇਆ ਜਿੱਥੇ ਕਿ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਲੀਫਲੈੱਟ ਵੰਡੇ ਗਏ,ਦਾਖ਼ਲਾ ਫਾਰਮ ਦਿੱਤੇ ਗਏ ਅਤੇ ਮੌਕੇ ਤੇ ਹੀ ਵਿਦਿਆਰਥੀਆਂ ਦੇ ਦਾਖਲੇ ਕੀਤੇ ਗਏ। ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਕੂਲ ਵਿੱਚ ਮਿਲਣ ਵਾਲੀਆਂ ਸਹੂਲਤਾਂ ਬਾਰੇ ਵੀ ਮਾਪਿਆ ਨੂੰ ਜਾਣਕਾਰੀ ਦਿੱਤੀ ਗਈ। ਅਧਿਆਪਕਾਂ ਨੇ ਬੱਚਿਆਂ ਨੂੰ ਨਵੇਂ ਸ਼ੈਸ਼ਨ ਵਿੱਚ ਵਧੀਆ ਪੜ੍ਹਾਈ ਲਈ ਟਿਪਸ ਦਿਤੇ। ਇਸ ਮੌਕੇ ਤੇ ਮਾਪਿਆਂ ਅਤੇ ਵਿਦਿਆਰਥੀਆਂ ਲਈ ਮਿੱਠੇ ਚਾਵਲਾਂ ਦਾ ਲੰਗਰ ਲਗਾਇਆ ਗਿਆ।

# ਸਰਬੱਤ ਦੇ ਭਲੇ ਲਈ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ

## ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਪਤਨੀ ਮੈਡਮ ਸੁਹਿੰਦਰ ਕੌਰ ਨੇ ਵੀ ਹਾਜ਼ਰੀ ਭਰੀ







**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਪਿੰਡ ਵਡਾਲਾ ਜੌਹਲ ਦੇ ਵਸਨੀਕ ਤੇ ਆਪ ਆਗੂ ਅਵਤਾਰ ਸਿੰਘ ਫ਼ੌਜੀ, ਮਾਤਾ ਚਰਨ ਕੌਰ, ਦਲਜੀਤ ਸਿੰਘ, ਏਐਸਆਈ ਭੁਪਿੰਦਰ ਸਿੰਘ ਦੇ ਗ੍ਰਹਿ ਵਿਖੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ । ਇਸ ਮੌਕੇ ਤੇ ਭਾਈ ਗੁਰਭਿੰਦਰ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਬਿਜਲੀ ਤੇ ਪੀਡਬਲਿਊਡੀ ਮਹਿਕਮੇ ਦੇ ਮੰਤਰੀ ਹਰਭਜਨ ਸਿੰਘ ਈਟੀਓ ਦੀ ਪਤਨੀ ਮੈਡਮ ਸੁਹਿੰਦਰ ਕੌਰ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਤੇ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੈਡਮ ਸੁਹਿੰਦਰ ਕੌਰ ਨੇ ਕਿਹਾ ਕੇ ਉਹ ਤੇ ਉਹਨਾਂ ਦੀ ਪਾਰਟੀ ਪਿੰਡ ਵਡਾਲਾ ਜੌਹਲ ਦੇ ਵਾਸੀਆਂ ਦੇ ਹਮੇਸ਼ਾ ਹੀ ਰਿਣੀ ਰਹਿਣਗੇ ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਪਿੰਡ ਤੋਂ ਭਾਰੀ ਬਹੁਮਤ ਨਾਲ ਜਿਤਾਇਆ । ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰਾ, ਆਪ ਆਗੂ ਮੈਡਮ ਹਰਭਾਲ ਕੌਰ ਗਹਿਰੀ ਮੰਡੀ, ਜਥੇਦਾਰ ਛਨਾਖ ਸਿੰਘ ਜੌਹਲ, ਆਪ ਆਗੂ ਨਰੇਸ਼ ਪਾਠਕ, ਸਰਬਜੀਤ ਸਿੰਘ ਡਿੰਪੀ, ਅਵਤਾਰ ਸਿੰਘ ਫ਼ੌਜੀ, ਰਣਜੀਤ ਸਿੰਘ ਫ਼ੌਜੀ, ਪੱਤਰਕਾਰ ਡਾ. ਦਲੇਰ ਸਿੰਘ ਜੌਹਲ, ਹਰਜਿੰਦਰ ਸਿੰਘ ਥਿੰਦ, ਸਾਬਕਾ ਡੀਐਸਪੀ ਬਚਿੱਤਰ ਸਿੰਘ ਜੌਹਲ, ਦਲਜੀਤ ਸਿੰਘ ਡਾਕੀਆ, ਮੈਡਮ ਪਰਮਜੀਤ ਕੌਰ, ਮੈਡਮ ਰਾਜਦੀਪ ਕੌਰ, ਮੈਡਮ ਸਿਮਰਜੀਤ ਕੌਰ, ਮੈਡਮ ਰਜਵੰਤ ਕੌਰ, ਗੁਰਦੀਪ ਸਿੰਘ ਸੋਨੂੰ, ਮੈਂਬਰ ਕਿਰਪਾਲ ਸਿੰਘ, ਭੁਪਿੰਦਰ ਸਿੰਘ ਪੱਪੂ, ਪਰਵਿੰਦਰ ਸਿੰਘ ਮਲਕਪੁਰ, ਬੀਡੀਪੀਓ ਲਖਬੀਰ ਸਿੰਘ ਹਾਂਡਾ, ਏਐਸਆਈ ਭੁਪਿੰਦਰ ਜੌਹਲ, ਹਰਪ੍ਰੀਤ ਸਿੰਘ, ਰਣਜੀਤ ਸਿੰਘ ਰਾਣਾ, ਲਾਡਾ ਪੰਡਿਤ, ਨਛੱਤਰ ਸਿੰਘ, ਪਰਮਜੀਤ ਸਿੰਘ, ਕਲਾਕਾਰ ਦੇਵ ਜੌਹਲ, ਅਵਤਾਰ ਸਿੰਘ ਤਾਰੀ ਤੇ ਇਲਾਕੇ ਦੀਆਂ ਕਈ ਨਾਮਵਰ ਸ਼ਖਸੀਅਤਾਂ ਹਾਜ਼ਰੀ ਭਰ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ??। ਇਸ ਮੌਕੇ ਤੇ ਆਪ ਆਗੂ ਅਵਤਾਰ ਸਿੰਘ ਜੌਹਲ ਮਾਤਾ ਚਰਨ ਕੌਰ ਤੇ ਉਹਨਾਂ ਦੀ ਟੀਮ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਪਤਨੀ ਮੈਡਮ ਸੁਹਿੰਦਰ ਕੌਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਵੀ ਕੀਤਾ।

# ਮਨੁੱਖਤਾ ਦੇ ਭਲੇ ਲਈ ਗੁਰਦੁਆਰਾ ਨਾਨਕਸਰ ਕਲੇਰਾਂ ਵਿਖੇ ਖੂਨਦਾਨ ਕੈਂਪ ਲਾਇਆ



**ਲੁਧਿਆਣਾ/ਕਰਨ ਅਗਰਵਾਲ**

ਵਿਸਵ ਪ੍ਰਸਿਧ ਭਗਤੀ ਦਾ ਘਰ ਗੁਰਦੁਆਰਾ ਨਾਨਕਸਰ ਕਲੇਰਾਂ ਵਿਖੇ ਭਾਈ ਘੱਨ੍ਹਈਆਂ ਜੀ ਮਿਸ਼ਨ ਸੇਵਾ ਸੁਸਾਇਟੀ (ਰਜ਼ਿ) ਵਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਸਰਪ੍ਰਸਤੀ ਹੇਠ 522ਵਾਂ ਮਹਾਨ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਬਾਬਾ ਧਰਮਿੰਦਰ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਨ ਸਮੇ ਖ਼ੂਨਦਾਨ ਕਰਨ ਵਾਲੀਆਂ ਸੰਗਤਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਖ਼ੂਨ-ਦਾਨ ਰਾਹੀਂ ਅਨੇਕਾ ਮਨੁੱਖੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਤੇ ਬਾਬਾ ਧਰਮਿੰਦਰ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਪ੍ਰਣਾਮ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜੱਥੇ: ਨਿਮਾਣਾ ਨੇ ਕਿਹਾ ਕਿ ਖ਼ੂਨਦਾਨ ਕੈਂਪ ਰਾਗੀਂ ਇਕੱਤਰ ਕੀਤਾ ਗਿਆ ਬਲੱਡ ਲੋੜਵੰਦ ਮਰੀਜਾਂ ਨੂੰ ਨਿਸਕਾਮ ਰੂਪ ਵਿਚ ਲੈ ਕੇ ਦਿਤਾ ਜਾਵੇਗਾ। ਅਤੇ ਦਸਿਆ ਖ਼ੂਨਦਾਨ ਕੈਂਪ ਦੋਰਾਨ 50 ਬੱਲਡ ਯੁਨਿਟ ਸਤਿਅਮ ਹਸਪਤਾਲ ਦੀ ਟੀਮਾ ਦੇ ਨਿਘੇ ਸਹਿਯੋਗ ਨਾਲ ਇਕਤਰ ਕੀਤਾ। ਇਸ ਮੌਕੇ ਤੇ ਬਾਬਾ ਗੋਰਾ ਸਿੰਘ ਨਾਨਕਸਰ,ਰਘਬੀਰ ਸਿੰਘ,ਬਾਬਾ ਗੁਰਦੌਰ ਸਿੰਘ, ਰਾਣਾ ਸਿੰਘ ਫੁਲਾਂਵਾਲ ਆਦਿ ਹਾਜਰ ਸਨ

# ਜ਼ਿਲ੍ਹਾ ਪ੍ਰਸ਼ਾਸਨ ਫ਼ਸਲ ਦੀ ਰਹਿੰਦ-ਖੂੰਹਦ ਸਾੜਨ ਵਾਲਿਆਂ ਖਿਲਾਫ਼ ਸਖ਼ਤ, ਖੇਤ 'ਚ ਅੱਗ ਲਾਉਣ 'ਤੇ ਕਿਸਾਨ ਨੂੰ 2500 ਰੁਪਏ ਦਾ ਵਾਤਾਵਰਣ ਮੁਆਵਜ਼ਾ ਭਰਨ ਦੇ ਹੁਕਮ

## ਐਸ.ਡੀ.ਐਮ.ਵੱਲੋਂ ਕਿਸਾਨਾਂ ਨੂੰ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਦੀ ਅਪੀਲ





**ਜਲੰਧਰ/ਦੀਪਕ ਨਟਰਾਜ, ਰਕੇਸ਼ ਵਰਮਾ**

ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਵਿੱਢੀ ਗਈ ਮੁਹਿੰਮ ਤਹਿਤ ਅੱਜ ਪਿੰਡ ਸਰਨਾਣਾ ਦੇ ਖੇਤ ਵਿੱਚ ਅੱਗ ਲਾਉਣ 'ਤੇ ਇਕ ਕਿਸਾਨ ਨੂੰ 2500 ਰੁਪਏ ਦਾ ਵਾਤਾਵਰਣ ਮੁਆਵਜ਼ਾ ਲਗਾਇਆ ਗਿਆ।

ਐਸ.ਡੀ.ਐਮ. ਹਰਪ੍ਰੀਤ ਸਿੰਘ ਅਟਵਾਲ, ਜੋ ਕਿ ਪਿੰਡ ਸਰਨਾਣਾ ਤਹਿਸੀਲ ਜਲੰਧਰ-1 ਵਿਖੇ ਮੌਕੇ ਦਾ ਨਿਰੀਖਣ ਕਰਨ ਪੁੱਜੇ ਸਨ, ਨੇ ਦੱਸਿਆ ਕਿ ਸੈਟੇਲਾਈਟ ਰਾਹੀਂ ਪ੍ਰਾਪਤ ਲੋਕੇਸ਼ਨ ਦੇ ਆਧਾਰ 'ਤੇ ਉਨ੍ਹਾਂ ਵੱਲੋਂ ਉਕਤ ਖੇਤ ਦਾ ਦੌਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕਰੀਬ ਇਕ ਏਕੜ ਖੇਤ ਵਿੱਚ ਅੱਗ ਲਾਉਣ 'ਤੇ ਕਿਸਾਨ ਕੇਹਰ ਸਿੰਘ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਨੁਸਾਰ 2500 ਰੁਪਏ ਵਾਤਾਵਰਣ ਮੁਆਵਜ਼ਾ/ਹਰਜਾਨਾ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਫ਼ਸਲ ਦੀ ਰਹਿੰਦ-ਖੂੰਹਦ ਸਾੜਨ ਦੇ ਮਾਮਲਿਆਂ 'ਤੇ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ ਅਤੇ ਅਜਿਹਾ ਮਾਮਲਾ ਸਾਹਮਣੇ ਆਉਣ 'ਤੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਕਾਰਨ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਵਾਤਾਵਰਣ ਨੂੰ ਬਚਾਉਣ ਲਈ ਸਾਂਝੇ ਉਪਰਾਲੇ ਕਰਨਾ ਸਮੇਂ ਦੀ ਮੁੱਖ ਲੋੜ ਹੈ। ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਕਾਰਨ ਪੈਦਾ ਹੋਣ ਵਾਲੇ ਧੂੰਏ ਕਰਕੇ ਜਿਥੇ ਮਨੁੱਖੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ ਉਥੇ ਖੇਤਾਂ ਵਿਚਲੀ ਮਿੱਟੀ ਉਪਜਾਊ ਸ਼ਕਤੀ ਦਾ ਵੀ ਨੁਕਸਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਸਮੇਤ ਹੋਰ ਕਈ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਐਸ.ਡੀ.ਐਮ. ਹਰਪ੍ਰੀਤ ਸਿੰਘ ਅਟਵਾਲ ਨੇ ਕਿਸਾਨਾਂ ਨੂੰ ਇਸ ਮਾੜੇ ਰੁਝਾਨ ਨੂੰ ਛੱਡਣ ਦੀ ਅਪੀਲ ਕਰਦਿਆਂ ਉਨ੍ਹਾਂ ਨੂੰ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਵਿੱਚ ਆਪਣਾ ਯੋਗਦਾਨ ਪਾਉਣ ਲਈ ਕਿਹਾ। ਇਸ ਮੌਕੇ ਤਹਿਸੀਲਦਾਰ ਕਰਨਦੀਪ ਸਿੰਘ ਭੁੱਲਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਜਲੰਧਰ ਦੇ ਐਸ.ਡੀ.ਓ. ਬਚਨਪਾਲ ਸਿੰਘ, ਕਾਨੂੰਨਗੋ ਪ੍ਰਸ਼ੋਤਮ ਲਾਲ ਵੀ ਮੌਜੂਦ ਸਨ।

# ਇਨਸਾਫ਼ ਲੈਣ ਵਾਸਤੇ ਔਰਤ ਪਾਣੀ ਵਾਲੀ ਟੈਂਕੀ ਤੇ ਚੜ੍ਹੀ





## ਐਸ ਐਚ ਓ ਦੀ ਹਾਜਰੀ ਵਿੱਚ ਜ਼ਨਾਨਾ ਪੁਲਿਸ ਨੇ ਔਰਤ ਨੂੰ ਥੱਲੇ ਉਤਾਰਿਆ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਜੰਡਿਆਲਾ ਗੁਰੂ ਵਿਖੇ ਲੋਕਲ ਬੱਸ ਸਟੈਂਡ ਤੇ ਉਸ ਵੇਲੇ ਸਥਿਤੀ ਨਾਜ਼ੁਕ ਹੋ ਗਈ ,ਜਦੋਂ ਇਕ ਔਰਤ ਟੈਂਕੀ ਤੇ ਚੜ ਗਈ।ਇਸ ਬਾਰੇ ਕਿਸੇ ਨੂੰ ਵੀ ਇਹ ਪਤਾ ਨਹੀਂ ਲੱਗਾ ਕੇ ਓਹ ਔਰਤ ਟੈਂਕੀ ਤੇ ਕਿਉਂ ਚੜੀ ਹੈ।ਥੋੜੇ ਚਿਰ ਬਾਅਦ ਟੈਂਕੀ ਦੇ ਲਾਗੇ ਹੀ ਖੜੇ ਔਰਤ ਦੇ ਪਰਿਵਾਰਿਕ ਮੈਂਬਰ ਨੇ ਦੱਸਿਆ ਕੇ ਇਹ ਔਰਤ ਇਨਸਾਫ਼ ਲੈਣ ਵਾਸਤੇ ਟੈਂਕੀ ਤੇ ਚੜੀ ਹੈ।

ਇਸ ਬਾਰੇ ਉਹਨਾ ਨੇ ਦੱਸਿਆ ਕਿ ਉਹ ਪਿੰਡ ਜਾਣੀਆਂ ਦੀ ਰਹਿਣ ਵਾਲੀ ਔਰਤ ਹੈ।ਉਹਨਾ ਦੇ ਪਿੰਡ ਦੇ ਹੀ ਲੜਕੇ ਨੇ ਉਹਨਾ ਦੀ ਨਬਾਲਗ ਲੜਕੀ ਨੂੰ ਘਰੋ ਭਜਾ ਲਿਆ ਉਹਨਾਂ ਨੂੰ ਹਾਲੇ ਤਕ ਕੋਈ ਇਨਸਾਫ਼ ਨਹੀਂ ਮਿਲਿਆ।ਉਹਨਾ ਨੇ ਇਹ ਵੀ ਦੱਸਿਆ ਕਿ ਪਰਚਾ ਦਰਜ ਹੋਣ ਦੇ ਬਾਵਜੂਦ ਲੜਕੇ ਨੂੰ ਨਹੀਂ ਫੜਿਆ ਹੈ ਤੇ ਆਰੋਪੀ ਲੜਕਾ ਸ਼ਰੇਆਮ ਤੁਰਦਾ ਫਿਰ ਰਿਹਾ ਹੈ।ਇਸ ਦੀ ਸੂਚਨਾ ਮਿਲਣ ਤੇ ਐਸ ਐਚ ਓ ਬਲਕਾਰ ਸਿੰਘ ਮੌਕੇ ਤੇ ਪੁੱਜੇ ਤੇ ਟੈਂਕੀ ਉੱਪਰ ਚੜੀ ਔਰਤ ਨੂੰ ਲੇਡੀਜ਼ ਪੁਲਿਸ ਦੀ ਮਦਦ ਨਾਲ ਥੱਲੇ ਉਤਾਰਿਆ। ਇਸ ਬਾਰੇ ਐਸ ਐਚ ਓ ਨੇ ਦੱਸਿਆ ਕਿ ਆਰੋਪੀ ਲੜਕੇ ਦੇ ਵਿਰੁੱਧ ਪਰਚਾ ਦਰਜ ਕਰ ਲਿਆ ਗਿਆ ਹੈ।ਮਾਣਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਨਾਬਾਲਗ ਲੜਕੀ ਨੂੰ ਨਾਰੀ ਨਿਕੇਤਨ ਵਿੱਚ ਭੇਜ ਦਿੱਤਾ ਹੈ।ਬਾਕੀ ਹੋਰ ਵੀ ਬਣਦੀ ਕਾਰਵਾਈ ਕੀਤੀ ਜਾਵੇਗੀ ।

# ਪ੍ਰਸ਼ਾਸਨ ਹੋਵੇ ਸਖ਼ਤ ਪੁਲੀਸ ਨੂੰ ਝੂਠੀ ਇਤਲਾਹ ਦੇਣ ਵਾਲਿਆਂ ਖ਼ਿਲਾਫ਼ ਹੋਣੀ ਚਾਹੀਦੀ ਹੈ ਸਖਤ ਤੋਂ ਸਖਤ ਕਾਰਵਾਈ

**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਐਂਡ ਐਂਟੀ ਕ੍ਰੀਮ ਸੰਗਠਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਪ੍ਰਧਾਨ ਅੰਗਰੇਜ਼ ਸਿੰਘ ਬਰਾਡ ? ਡੱਲੇਵਾਲਾ ਨੇ ਮਾਣਯੋਗ ਮੁੱਖ ਮੰਤਰੀ ਪੰਜਾਬ ਅਤੇ ਡੀ ਜੀ ਪੀ ਸਾਹਿਬ ਪੰਜਾਬ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਜੋ ਪੁਲੀਸ ਥਾਣਿਆਂ ਪੁਲੀਸ ਚੌਂਕੀਆਂ ਅਤੇ ਖ਼ਾਸ ਕਰਕੇ 112 ਨੰਬਰ ਤੇ ਫੋਨ ਕਰਕੇ ਝੂਠੀ ਇਤਲਾਹ ਦੇ ਕੇ ਪੰਜਾਬ ਪੁਲੀਸ ਨੂੰ ਪ੍ਰੇਸ਼ਾਨ ਕਰਦੇ ਹਨ ਕਈ ਵਾਰ ਰਾਤ ਦੇ ਸਮੇਂ 112 ਨੰਬਰ ਤੇ ਐਮਰਜੈਂਸੀ ਕਾਲ ਕਰ ਦਿੰਦੇ ਹਨ ਇਸ ਸਮੇਂ ਸਬੰਧਤ ਥਾਣੇ ਦੇ ਕਰਮਚਾਰੀ ਨੂੰ ਤਰੁੰਤ ਜਾਣਾ ਪੈਂਦਾ ਹੈ ਪਰ ਅੱਗੇ ਜਾ ਕੇ ਪਤਾ ਲੱਗਦਾ ਹੈ ਕਿ ਗੱਲ ਕੋਈ ਹੋਰ ਹੁੰਦੀ ਹੈ ਜੋ ਪ੍ਰਸ਼ਾਸਨ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ ਜੋ 112 ਤੇ ਕਾਲ ਕੀਤੀ ਹੁੰਦੀ ਓ ਝੂਠੀ ਸਾਬਤ ਹੁੰਦੀ ਹੈ ਇਸ ਮੌਕੇ ਡਿਊਟੀ ਕਰ ਰਹੇ ਕਰਮਚਾਰੀਆਂ ਨੂੰ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ




ਦੂਸਰੀ ਬੇਨਤੀ ਹੈ ਕਿ ਪੰਜਾਬ ਚ ਥਾਣਿਆਂ ਅਤੇ ਚੌਂਕੀਆਂ ਵਿਚ ਪੁਲਸ ਕਰਮਚਾਰੀਆਂ ਦੀ ਨਫਰੀ ਪੂਰੀ ਕੀਤੀ ਜਾਵੇ ਕਿਉਂਕਿ ਪੰਜਾਬ ਪੁਲੀਸ ਵਿੱਚ ਮੁਲਾਜ਼ਮ ਘੱਟ ਹੋਣ ਕਰਕੇ ਕਈ ਵਾਰ ਪੁਲਸ ਕਰਮਚਾਰੀਆਂ ਨੂੰ ਕਈ ਕਈ ਘੰਟੇ ਲਗਾਤਾਰ ਡਿਊਟੀ ਦੇਣੀ ਪੈ ਰਹੀ ਹੈ ਅਤੇ ਕਈ ਵਾਰ ਕੋਈ ਅਣਸੁਖਾਵੀਂ ਘਟਨਾ ਵਾਪਰਨ ਤੇ ਮੁਲਾਜ਼ਮਾਂ ਦੀ ਕਮੀ ਹੋਣ ਕਰਕੇ ਮੌਕੇ ਉੱਪਰ ਮੁਲਾਜ਼ਮਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਕਈ ਵਾਰ ਮੁਲਾਜ਼ਮ ਘੱਟ ਹੋਣ ਕਰਕੇ ਮੌਕੇ ਤੇ ਸਥਿਤੀ ਨੂੰ ਕਾਬੂ ਕਰਨਾ ਬਹੁਤ ਔਖਾ ਹੋ ਜਾਂਦਾ ਹੈ ਤੇ ਇਹੋ ਜਿਹੇ ਸਮੇਂ ਕਈ ਵਾਰ ਪੰਜਾਬ ਪੁਲੀਸ ਦੇ ਮੁਲਾਜ਼ਮਾਂ ਨੂੰ ਗੰਭੀਰ ਹਾਲਤ ਵਿਚ ਆਪਣੀ ਕੀਮਤੀ ਜਾਨਾਂ ਵੀ ਗਵਾਉਣੀਆਂ ਪੈ ਜਾਂਦੀਆਂ ਹਨ ਇਸ ਲਈ ਪੰਜਾਬ ਪੁਲੀਸ ਦੀ ਨਫਰੀ ਪੁਲਿਸ ਚੌਕੀਆਂ ਵਿੱਚ ਪੂਰੀ ਕੀਤੀ ਜਾਵੇ ਅਤੇ ਬਾਕੀ ਜਿਹੜੇ ਲੋਕ 112 ਤੇ ਕਾਲ ਜਾਂ ਝੂਠੀਆਂ ਦਰਖਾਸਤਾਂ ਦੇ ਕੇ ਪੰਜਾਬ ਪੁਲੀਸ ਦਾ ਕੀਮਤੀ ਸਮਾਂ ਖਰਾਬ ਕਰਦੇ ਹਨ ਅਤੇ ਪੰਜਾਬ ਪੁਲੀਸ ਨੂੰ ਨਾਜਾਇਜ਼ ਤੌਰ ਤੇ ਖੱਜਲ ਖੁਆਰ ਹੋਣਾ ਪੈਂਦਾ ਹੈ ਉਨ੍ਹਾਂ ਝੂਠੇ ਲੋਕਾਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅੰਗਰੇਜ ਸਿੰਘ ਬਰਾਡ ? ਅਤੇ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ ਨੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ ਅਤੇ ਪੰਜਾਬ ਦੇ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਆਓ ਆਪਾਂ ਸਾਰੇ ਰਲ ਮਿਲ ਕੇ ਪੰਜਾਬ ਸਰਕਾਰ ਦਾ ਵੱਧ ਤੋਂ ਵੱਧ ਸਾਥ ਦੇ ਕੇ ਪੰਜਾਬ ਵਿੱਚੋਂ ਨਸ਼ਿਆਂ ਅਤੇ ਰਿਸ਼ਵਤਖੋਰੀ ਦਾ ਖ਼ਾਤਮਾ ਕਰਕੇ ਪੰਜਾਬ ਨੂੰ ਇਕ ਖੁਸ਼ਹਾਲ ਪੰਜਾਬ ਬਣਾ ਕੇ ਤਰੱਕੀ ਦੇ ਰਾਹ ਤੇ ਲੈ ਕੇ ਜਾਈਏ ਅਤੇ ਜਿੰਨਾ ਵੀ ਹੋ ਸਕਦਾ ਹੈ ਵੱਧ ਤੋਂ ਵੱਧ ਪੁਲਸ ਪ੍ਰਸ਼ਾਸਨ ਦਾ ਸਾਥ ਦੇ ਕੇ ਦਿਨ ਪ੍ਰਤੀ ਦਿਨ ਵਧ ਰਹੀਆਂ ਵਾਰਦਾਤਾਂ ਜਿਵੇਂ ਕਿ ਚੋਰੀਆਂ ਦੀਆ ਵਾਰਦਾਤਾਂ ਨਸ਼ੇ ਗੁੰਡਾਗਰਦੀ ਤੋਂ ਕੁਝ ਰਾਹਤ ਪਾਈਏ ਅਤੇ ਪੁਲੀਸ ਨੂੰ ਹਮੇਸ਼ਾਂ ਸੱਚੀ ਇਤਲਾਹ ਦੇਈਏ।

# ਵਿਦਿਆ ਮਨੁੱਖ ਦਾ ਤੀਜਾ ਨੇਤਰ ਹੁੰਦੀ ਹੈ-ਵਿਧਾਇਕਾਂ ਜੀਵਨਜੋਤ ਕੌਰ

**ਅੰਮ੍ਰਿਤਸਰ/ਜੋਗਿੰਦਰ ਪਾਲ ਸਿੰਘ ਕੁੰਦਰਾ**

ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਤੋ ਪੰਜਾਬ ਦੇ ਦੋ ਮਹਾਂਰਥੀਆਂ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠਾ ਅੱਤੇ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਹਰਾ ਕੇ ਨਾਮਣਾ ਖੱਟਣ ਵਾਲੀ ਵਿਧਾਇਕ ਸ੍ਰੀਮਤੀ ਜੀਵਨਜੋਤ ਕੌਰ ਨੇ ਵਿਦਿਆ ਦੇ ਚਾਨਣ ਮੁਨਾਰੇ ਉਸ ਸਕੂਲ ਵਿੱਚ ਅੱਜ ਸ਼ਿਰਕਤ ਕੀਤੀ ਜਿਥੋ ਉਹਨਾਂ ਵਿਦਿਆ ਦਾ ਗਿਆਨ ਹਾਸਲ ਕਰਕੇ ਸਮਾਜ ਸੇਵਾ ਵਿੱਚ ਪੈਰ ਧਰਿਆ।

ਵਿਦਿਆ ਦੇ ਖੇਤਰ ਵਿੱਚ ਉੱਚ ਦੁਮਾਲੜੇ ਵਾਲੀ ਸੰਸਥਾ ਸੰਤ ਸਿੰਘ ਸੁੱਖਾ ਸਿੰਘ ਵਿਖੇ ਬੱਚਿਆ ਨੂੰ ਸੰਬੋਧਨ ਕਰਦਿਆ ਵਿਧਾਇਕਾਂ ਬੀਬੀ ਜੀਵਨਜੋਤ ਕੌਰ ਨੇ ਕਿਹਾ ਕਿ ਵਿਦਿਆ ਵੀਚਾਰੀ ਪਰਉਪਕਾਰੀ ਹੁੰਦੀ ਹੈ ਤੇ ਵਿਦਿਆ ਦੇ ਚਾਨਣ ਤੋ ਬਗੈਰ ਮਨੁੱਖ ਪਸ਼ੂ ਸਮਾਨ ਹੁੰਦਾ ਹੈ।ਵਿਦਿਆ ਮਨੁੱਖ ਦਾ ਤੀਜਾ ਨੇਤਰ ਵੀ ਹੁੰਦੀ ਹੈ। ਉਹਨਾਂ ਕਿਹਾ ਕਿ ਸੰਤ ਸਿੰਘ ਸੁੱਖਾ ਸਿੰਘ ਸਕੂਲ ਦੀਆਂ ਵੱਖ ਵੱਖ ਵਿਦਿਅਕ ਸੰਸਥਾਵਾਂ ਵਿੱਚੋ ਬਹੁਤ ਸਾਰੀਆ ਵਿਦਿਆਰਥਣਾਂ ਵਿਦਿਆ ਹਾਸਲ ਕਰਕੇ ਸਰਕਾਰੀ ਤੇ ਗੈਰ ਸਰਕਾਰੀ ਸੰਸਥਾ ਵਿੱਚ ਉੱਚ ਆਹੁਦਿਆ ਤੇ ਪੁੱਜ ਕੇ ਸਮਾਜ ਦੀ ਸੇਵਾ ਕਰ ਰਹੀਆਂ ਹਨ ਜਿਹਨਾਂ ਵਿੱਚ ਉਹ ਖੁਦ ਵੀ ਸ਼ਾਮਲ ਹਨ। ਉਹਨਾਂ ਕਿਹਾ ਕਿ ਸਮਾਜਿਕ ਖੇਤਰ ਵਿੱਚ ਉਹਨਾਂ ਨੇ ਲੋਕ ਸੇਵਾ ਬਹੁਤ ਕੀਤੀ ਤੇ ਜੇਲ਼ ਵਿੱਚ ਜਾ ਕੇ ਵੀ ਔਰਤ ਕੈਦੀਆਂ ਦੇ ਕਈ ਪ੍ਰਕਾਰ ਦੁੱਖਾਂ ਦਾ ਨਿਵਾਰਣ ਕੀਤਾ। ਅੱਜ ਉਹ ਉਸ ਵਿਧਾਨ ਸਭਾ ਦੇ ਮੰਦਰ ਵਿੱਚ ਪੁੱਜ ਚੁੱਕੀ ਹੈ ਜਿਥੇ ਲੋਕ ਹਿੱਤੂ ਕਨੂੰਨ ਬਣਾ ਕੇ ਸਮਾਜ ਦੀ ਸੇਵਾ ਕੀਤੀ ਜਾ ਸਕਦੀ ਹੈ। ਉਹਨਾਂ ਕਿਹਾ ਕਿ ਸੰਸਥਾਂ ਦੇ ਡਾਇਰੈਕਟਰ ਸ੍ਰ ਜਗਦੀਸ਼ ਸਿੰਘ ਜਿਹਨਾਂ ਨੂੰ ਆਮ ਤੌਰ ‘ਤੇ ਪ੍ਰਿੰਸੀਪਲ ਦੇ ਹੀ ਲਕਬ ਨਾਲ ਜਾਣਿਆ ਜਾਂਦਾ ਹੈ ਦਾ ਸੰਸਥਾ ਨੂੰ ਕਾਮਯਾਬ ਕਰਨ ਵਿੱਚ ਅਹਿਮ ਰੋਲ ਹੀ ਨਹੀ ਰਿਹਾ ਸਗੋ ਸੰਸਥਾ ਦਾ ਵਿਸਥਾਰ ਕਰਨ ਵਿੱਚ ਉਹਨਾਂ ਨੇ ਅਥਾਹ ਬੇਮਿਸਾਲ ਮਿਹਨਤ ਕੀਤੀ।ਸੰਤ ਸਿੰਘ ਸੁੱਖਾ ਸਿੰਘ ਵਿਦਿਅਕ ਸੰਸਥਾ ਜਿਸ ਨੂੰ ਆਮ ਤੌਰ ਤੇ ਫੋਰ ਐਸ ਸੰਸਥਾ ਨਾਲ ਜਾਣਿਆ ਜਾਂਦਾ ਹੈ ਵਿੱਚੋ ਵਿਦਿਆ ਹਾਸਲ ਕਰਕੇ ਬੱਚੀਆਂ ਅੱਜ ਦੇਸ਼ਾਂ ਵਿਦੇਸ਼ਾਂ ਵਿੱਚ ਸੰਸਥਾ ਦਾ ਨਾਮ ਰੌਸ਼ਨ ਕਰ ਰਹੀਆਂ ਹਨ।ਬੈਕਿੰਗ ਖੇਤਰ ਵਿੱਚ ਇਸ ਸੰਸਥਾ ਦੀਆਂ ਬੱਚੀਆਂ ਨੇ ਕ੍ਰਾਂਤੀਕਾਰੀ ਕਾਰਜ ਕੀਤੇ ਹਨ।ਉਹਨਾਂ ਕਿਹਾ ਕਿ ਡਾਇਰੈਕਟਰ ਸਾਹਿਬ ਉਹਨਾਂ ਦੇ ਪ੍ਰੇਰਨਾ ਸਰੋਤ ਹਨ ਅਤੇ ਡਾਇਰੈਕਟਰ ਸਾਹਬ ਨੇ ਉਹਨਾਂ ਨੂੰ ਹਮੇਸ਼ਾਂ ਹੀ ਉਤਸ਼ਾਹਿਤ ਕੀਤਾ ਜਿਸ ਕਰਕੇ ਅੱਜ ਉਹ ਇੱਕ ਉਸਾਰੂ ਮੁਕਾਮ ਤੇ ਪੁੱਜ ਸਕੀ ਹੈ।ਡਾਇਰੈਕਟਰ ਸ੍ਰ ਜਗਦੀਸ਼ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਅੱਜ ਬੇਹੱਦ ਖੁਸ਼ੀ ਹੋਈ ਹੈ ਕਿ ਫੋਰ ਐਸ ਸਕੂਲ ਦੀ ਬੱਚੀ ਦੋ ਵੱਖ ਵੱਖ ਪਾਰਟੀਆ ਦੇ ਧੁਨੰਤਰ ਜਰਨੈਲਾਂ ਨੂੰ ਹਰਾ ਕੇ ਆਮ ਆਦਮੀ ਪਾਰਟੀ ਦੀ ਫੀਲਡ ਮਾਰਸ਼ਲ ਬਣਨ ਵਿੱਚ ਕਾਮਯਾਬ ਹਾਸਲ ਕੀਤੀ ਹੈ।ਉਹਨਾਂ ਕਿਹਾ ਕਿ ਜੀਵਨਜੋਤ ਕੌਰ ਕੋਲੋ ਸਮਾਜ ਤੇ ਸੰਤ ਸਿੰਘ ਸੁੱਖਾ ਸਿੰਘ ਵਿਦਿਅਕ ਸੰਸਥਾਂ ਨੂੰ ਕਈ ਆਸਾਂ ਹਨ ਤੇ ਉਹਨਾਂ ਨੂੰ ਪੂਰੀ ਪੂਰੀ ਉਮੀਦ ਹੈ ਕਿ ਸਕੂਲ ਦੀ ਇਹ ਵਿਦਿਆਰਥਣ ਆਸਾਂ ਤੇ ਉਮੀਦਾਂ ਤੇ ਖਰੀ ਉਤਰੇਗੀ।ਸੰਸਥਾ ਦੇ ਸਮੂਹ ਵਿਦਿਆਰਥੀਆ ਤੇ ਸਟਾਫ ਨੇ ਬੀਬੀ ਜੀਵਨਜੋਤ ਕੌਰ ਦੀ ਵਡੇਰੀ ਉਮਰ ਦੀ ਕਾਮਨਾ ਕੀਤੀ। ਇਸ ਸਮੇ ਗੁਰਪ੍ਰੀਤ ਸਿੰਘ ਮੈਨੇਜਰ ਪ੍ਰਾਪਰਟੀ ਤੇ ਹੋਰ ਸਟਾਫ ਤੇ ਬੱਚੀਆ ਹਾਜ਼ਰ ਸਨ।

# ਸਰਕਾਰੀ ਪ੍ਰਾਇਮਰੀ ਸਕੂਲ ਅਖਾੜਾ ਦਾ ਸਲਾਨਾ ਇਨਾਮ ਵੰਡ ਸਮਾਰੋਹ ਹੋਇਆ

## ਯੁਵਕ ਸੇਵਾਵਾਂ ਕਲੱਬ ਵੱਲੋਂ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ



**ਜਗਰਾਉਂ/ਅਰਜੁਨ ਸਹਿਜਪਾਲ**

ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਤੇ ਵਿਦਿਆਰਥੀਆਂ ਦੇ ਮਨੋਬਲ ਨੂੰ ਉੱਚਾ ਚੁੱਕਣ ਦੇ ਸੰਕਲਪ ਅਧੀਨ ਪ੍ਰਾਇਮਰੀ ਸਕੂਲ ਅਖਾੜਾ ਵੱਲੋਂ ਸਕੂਲ ਦਾ ਸਲਾਨਾ ਇਨਾਮ ਵੰਡ ਸਮਾਰੋਹ ਕਰਾਇਆ ਗਿਆ।ਇਸ ਸਨਮਾਨ ਸਮਾਰੋਹ ਦੌਰਾਨ ਪਹਿਲੀ ਤੋਂ ਚੌਥੀ ਜਮਾਤ ਦੇ ਕ੍ਰਮਵਾਰ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀ ਸਨਮਾਨਿਤ ਕੀਤੇ ਗਏ।ਇਸ ਮੌਕੇ ਯੁਵਕ ਸੇਵਾਵਾਂ ਪੇਂਡੂ ਵਿਕਾਸ ਕਲੱਬ ਅਖਾੜਾ ਵਲੋਂ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੂਲ ਨੂੰ ਦਿੱਤੇ ਕੰਪਿਊਟਰਾਂ ਲਈ ਫਰਨੀਚਰ ਵੀ ਸਕੂਲ ਮੁਖੀ ਨੂੰ ਸੌਂਪਿਆ। ਇਸ ਮੌਕੇ ਯੁਵਕ ਸੇਵਾਵਾਂ ਕਲੱਬ ਦੇ ਸਕੱਤਰ ਮਨਿੰਦਰ ਸਿੰਘ ਨੇ ਯੁਵਕ ਸੇਵਾਵਾਂ ਕਲੱਬ ਵੱਲੋਂ ਸਕੂਲ ਅਧਿਆਪਕਾਂ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਮੁੱਖ ਅਧਿਆਪਕ ਲਖਵੀਰ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ।ਇਸ ਮੌਕੇ ਯੁਵਕ ਸੇਵਾਵਾਂ ਕਲੱਬ ਦੇ ਸਰਪ੍ਰਸਤ ਡਾ.ਮਲਕੀਤ ਸਿੰਘ ,ਪ੍ਰਧਾਨ ਸੁਰਜੀਤ ਸਿੰਘ , ਸਕੱਤਰ ਮਨਿੰਦਰ ਸਿੰਘ , ਪਰਮਜੀਤ ਸਿੰਘ ਚਾਹਲ, ਸਮਾਜਸੇਵੀ ਪਾਲਜਿੰਦਰ ਸਿੰਘ , ਗੁਰਮੇਲ ਸਿੰਘ( ਪੰਚ) ,ਸਕੂਲ ਮੈਨੇਜਮੈਂਟ ਕਮੇਟੀ ਦੇ ਵਾਈਸ ਚੇਅਰਮੈਨ ਕੁਲਦੀਪ ਸਿੰਘ ਲੋਹਟ,ਲਖਵੀਰ ਸਿੰਘ ਮੁੱਖ ਅਧਿਆਪਕ ਰਸ਼ਵਿੰਦਰ ਕੌਰ , ਤਰਨਜੀਤ ਕੌਰ,ਸਾਧਨਾ,ਲਲਿਤਾ ਕੁਮਾਰੀ,ਰਾਜਿੰਦਰ ਕੌਰ,ਰਮਨਦੀਪ ਕੌਰ ਅਤੇ ਸੁਖਦੀਪ ਕੌਰ ਸਟਾਫ ਮੈਂਬਰ ਹਾਜ਼ਰ ਸਨ।

# ਗਾਇਕ ਕੁਮਾਰ ਸੁਖਦੇਵ ਦੁਆਰਾ ਗਾਇਆ ਬਾਬਾ ਬਾਲਕ ਨਾਥ ਜੀ ਦਾ ਭਜਨ ਜੋਗੀ ਦੇ ਦਵਾਰੇ ’ਤੇ ਬਹੁਤ ਜਲਦ ਹੋ ਰਿਹਾ ਰਿਲੀਜ਼

**ਕਪੂਰਥਲਾ/ਪਰਮਜੀਤ ਸੰਨੀ:-** ਪੰਜਾਬੀ ਸੱਭਿਆਚਾਰ ਵਿਚ ਗਾਇਕ ਵਜੋਂ ਸੇਵਾ ਨਿਭਾ ਰਹੇ ਗਾਇਕ ਕੁਮਾਰ ਸੁਖਦੇਵ ਆਪਣੇ ਉਸਤਾਦ ਰਜਿੰਦਰ ਸਾਹਿਲ ਅਤੇ ਬਾਬਾ ਕਾਕੂ ਨਾਥ ਜੀ ਦੇ ਆਸ਼ਿਰਵਾਦ ਨਾਲ ਬਾਬਾ ਬਾਲਕ ਨਾਥ ਜੀ ਦੇ ਭਗਤਾਂ ਲਈ ਇਕ ਨਵਾਂ ਭਜਨ ਲੈ ਕੇ ਪੇਸ਼ ਹੋਏ ਹਨ ਜਿਸ ਭਜਨ ਦਾ ਟਾਈਟਲ ਹੈ ਜੋਗੀ ਦੇ ਦਵਾਰੇ ‘ਤੇ। ਇਸ ਭਜਨ ਦੇ ਬੋਲ ਗੀਤਕਾਰ ਸਰਬਜੀਤ ਘਾਰੂ ਦੁਆਰਾ ਲਿਖੇ ਗਏ ਹਨ ਅਤੇ ਮਿਊਜ਼ਿਕ ਡਾਇਰੈਕਟਰ ਸੋਨੂੰ ਦ੍ਰਵਿਡ ਦੁਆਰਾ ਇਸ ਨੂੰ ਸੰਗੀਤਕ ਰੂਪ ਹਾਸਿਲ ਹੋਇਆ। ਇਸ ਭਜਨ ਦੀ ਵੀਡੀਓ ਨਵੀ ਬਲੇਰ ਅਤੇ ਜਸਮ ਜੀ ਦੁਆਰਾ ਤਿਆਰ ਕੀਤੀ ਗਈ ਹੈ ਅਤੇ ਪੋਸਟਰ ਵਿਕਰਮ ਵਿੱਕੀ ਦੁਆਰਾ ਡਿਜ਼ਾਇਨ ਕੀਤਾ ਗਿਆ। ਇਸ ਭਜਨ ਵਿਚ ਵਿਸ਼ੇਸ਼ ਸਹਿਯੋਗ ਜੋਗਿੰਦਰ ਸਿੰਘ ਦਾ ਹੈ। ਭਜਨ ਨੂੰ ਪ੍ਰੋਡਿਊਸਰ ਅਨਿਲ ਚੌਹਾਨ ਦੁਆਰਾ ਪ੍ਰੋਡਿਊਸ ਕੀਤਾ ਗਿਆ ਹੈ। ਜੈ ਬਾਲਾ ਕੰਪਨੀ ਵੱਲੋਂ ਇਹ ਭਜਨ ਉਹਨਾਂ ਦੇ ਯੂਟਿਊਬ ਚੈਨਲ ‘ਤੇ ਰੀਲੀਜ਼ ਕੀਤਾ ਜਾ ਰਿਹਾ ਹੈ। ਇਸ ਨਵੇਂ ਆ ਰਹੇ ਭਜਨ ਦੇ ਪ੍ਰੋਜੇਕਟ ਦੀ ਜ਼ਿੰਮੇਵਾਰੀ ਮਿਊਜ਼ਿਕ ਡਾਇਰੈਕਟਰ ਸੋਨੂੰ ਦ੍ਰਵਿਡ ਦੁਆਰਾ ਸੰਭਾਲੀ ਗਈ ਹੈ। ਇਹ ਖ਼ੂਬਸੂਰਤ ਭਜਨ ਬਾਬਾ ਬਾਲਕ ਨਾਥ ਜੀ ਦੇ ਭਗਤਾਂ ਨੂੰ ਖ਼ੂਬ ਪਸੰਦ ਆਵੇਗਾ।

# ਅਧਿਆਪਕ ਮਾਪੇ ਮਿਲਣੀ ਕਰਵਾਈ ਗਈ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ:-** ਡਾਇਰੈਕਟਰ ਰਾਜ ਸਿੱਖਿਆਂ ਪੰਜਾਬ ਜੀ ਦੇ ਹੁਕਮਾਂ ਅਨੁਸਾਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) (ਸ਼ਹੀਦ ਭਗਤ ਸਿੰਘ ਨਗਰ) ਕੁਲਵਿੰਦਰ ਸਿੰਘ ਸਰਾਏ ਦੇ ਨਿਦੇਸ਼ਾ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੁਕੰਦਪੁਰ (ਸ਼ਹੀਦ ਭਗਤ ਸਿੰਘ ਨਗਰ) ਵਿੱਚ 5 ਅਪ੍ਰੈਲ ਨੂ ਪ੍ਰਿੰਸੀਪਲ ਅਮਰਜੀਤ ਖਟਕੜ ਦੀ ਅਗਵਾਈ ਵਿੱਚ ਅਧਿਆਪਕ ਮਾਪੇ ਮਿਲਣੀ ਕਰਵਾਈ ਗਈ। ਜਿਸ ਵਿੱਚ ਬੱਚਿਆ ਦੇ ਮਾਪਿਆ ਨੂੰ ਉਹਨਾ ਦੀ ਸਲਾਨਾ ਕਾਰਗੁਜਾਰੀ ਬਾਰੇ ਦੱਸਿਆ ਗਿਆ।ਅਧਿਆਪਕ ਮਾਪੇ ਮਿਲਣੀ ਵਿੱਚ ਮਾਪੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਵੱਖ-ਵੱਖ ਕਲਾਸ ਇੰਚਾਰਜ਼ਾ ਵੱਲੋ ਮਾਪਿਆ ਨੂੰ ਵਿਦਅਰਥੀਆਂ ਕਾਰਗੁਜਾਰੀ ਬਾਰੇ ਦੱਸਿਆ ਗਿਆ।ਪ੍ਰਿੰਸੀਪਲ ਅਮਰਜੀਤ ਖਟਕੜ ਵੱਲੋ ਬੱਚਿਆ ਦੇ ਮਾਪਿਆਂ ਨੂੰ ਆਪਣੇ ਪਿੰਡਾ ਤੋਂ ਹੋਰ ਬੱਚਿਆਂ ਨੂੰ ਵੀ ਇਸ ਸਕੂਲ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਸਮੇਂ ਕਿਸ਼ਨ ਚੰਦ, ਇੰਦਰਪਾਲ, ਕਸ਼ਮੀਰ ਸਿੰਘ, ਸਤਿੰਦਰ ਸੋਢੀ, ਤਰਸੇਮ ਲਾਲ, ਵਿਜੈ ਕੁਮਾਰ, ਮਨਦੀਪ ਸਿੰਘ, ਬੁੱਧ ਦਾਸ,ਭੁਪਿੰਦਰ ਸਿੰਘ ,ਰਾਮ ਲੁਭਾਇਆ ਕਲਸੀ, ਗੁਰਦੀਪ ਸਿੰਘ, ਰਣ ਬਹਾਦਰ, ਰਾਜ ਕੁਮਾਰ, ਸਤਵੀਰ ਸਿੰਘ, ਸੰਤੋਖ ਸਿੰਘ, ਲੈਬਰ ਸਿੰਘ, ਨਿਰਮਲ ਰਾਮ, ਬਲਰਾਜ, ਦਵਿੰਦਰ ਕੌਰ, ਸੰਤੋਸ਼ ਕੌਰ,ਮੀਨਾਕਸ਼ੀ , ਪ੍ਰਵੀਨ ਕੌਰ,ਰਮਨਦੀਪ, ਨੀਰੂ ਸ਼ਰਮਾ, ਹਰਪ੍ਰੀਤ ਕੌਰ, ਪ੍ਰਤੀਮਾ ਸ਼ਰਮਾ, ਸੁਨਾਰਿਕਾ ਕੌਲ, ਨਿਸ਼ਾ ਰਾਣੀ ,ਸਰਨ ਕੌਰ ਕੰਚਨਾ ਅਤੇ ਨਿਰਮਲ ਕੌਰ ਹਾਜਰ ਸਨ।

ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਨਿਰਵਿਵਾਦ ਵਿਧਾਨ ਸਭਾ ਚੋਣਾਂ ਕਰਵਾਉਣ ਲਈ ਰਾਤ-ਦਿਨ ਕੰਮ ਕਰਦੇ ਰਹੇ ਗੁਰਪ੍ਰੀਤ ਸਿੰਘ ਖਹਿਰਾ



**ਅੰਮ੍ਰਿਤਸਰ/ਰਾਜਾ ਕੋਟਲੀ**

ਸ੍ਰ ਗੁਰਪ੍ਰੀਤ ਸਿੰਘ ਖਹਿਰਾ, ਜੋ ਕਿ ਲਗਭਗ ਪੌਣੇ ਦੋ ਸਾਲ ਅੰਮ੍ਰਿਸਰ ਵਿਚ ਡਿਪਟੀ ਕਮਿਸ਼ਨਰ ਰਹੇ ਹਨ,ਅੱਜ ਤਬਾਦਲਾ ਹੋਣ ਮਗਰੋਂ ਨਵੇਂ ਡਿਪਟੀ ਕਮਿਸ਼ਨਰ ਨੂੰ ਆਪਣੀ ਹਾਜ਼ਰੀ ਵਿਚ ਕੁਰਸੀ ਉਤੇ ਬਿਠਾ ਕੇ ਮੁਕਤਸਰ ਲਈ ਰਵਾਨਾ ਹੋ ਗਏ, ਪਰ ਉਹ ਆਪਣੀਆਂ ਵੱਡੀ ਯਾਦਾਂ ਅੰਮ੍ਰਿਤਸਰ ਛੱਡ ਗਏ। ਅੱਜ ਸਾਰੇ ਸਟਾਫ ਨੇ ਬੜੇ ਭਾਵੁਕ ਹੋ ਕੇ ਉਨਾਂ ਨੂੰ ਅੰਮ੍ਰਿਤਸਰ ਤੋਂ ਵਿਦਾ ਕੀਤਾ। ਸ. ਖਹਿਰਾ ਆਪਣੇ ਕੰਮ-ਕਾਰ ਦੇ ਢੰਗ-ਤਰੀਕੇ ਸਦਕਾ ਸਾਰੇ ਅਮਲੇ ਦੇ ਨਾਲ-ਨਾਲ ਜਿਲ੍ਹਾ ਵਾਸੀਆਂ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾ ਗਏ। ਕਿਸੇ ਵੀ ਕੰਮ ਦੀ ਤਹਿ ਤੱਕ ਜਾਣਾ ਉਨਾਂ ਦੀ ਕਾਰਜਸ਼ੈਲੀ ਦਾ ਹਿੱਸਾ ਰਿਹਾ। ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਦੇਰ ਰਾਤ 1-2 ਵਜੇ ਤੱਕ ਬਤੌਰ ਜਿਲ੍ਹਾ ਚੋਣ ਅਧਿਕਾਰੀ ਕੰਮ ਕਰਨਾ ਉਨਾਂ ਦਾ ਨੇਮ ਸੀ। ਭਾਵੇਂ ਕਈ ਹਲਕਿਆਂ ਦੇ ਰਿਟਰਨਿੰਗ ਅਧਿਕਾਰੀ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਕਰਵਾ ਰਹੇ ਸਨ, ਪਰ ਸ. ਖਹਿਰਾ ਨੇ ਇੰਨੀ ਬਾਰੀਕੀ ਨਾਲ ਉਨਾਂ ਨੂੰ ਕੰਮ ਦੀ ਸਿੱਖਿਆ ਦੇਣੀ ਕਿ ਉਹ ਹਰ ਕੰਮ ਬਿਨਾਂ ਕਿਸੇ ਗਲਤੀ ਦੇ ਕਰਨ ਵਿਚ ਕਾਮਯਾਬ ਹੋ ਜਾਂਦੇ। ਇਹ ਵੱਡਾ ਕਾਰਨ ਹੈ ਕਿ ਅੰਮ੍ਰਿਤਸਰ ਦੇ 11 ਵਿਧਾਨ ਸਭਾ ਹਲਕਿਆਂ ਵਿਚ ਚੋਣਾਂ ਬੜੇ ਸਾਂਤ ਅਤੇ ਨਿਰਵਵਾਦ ਹੋਈਆਂ ਅਤੇ ਕਿਸੇ ਵੀ ਅਧਿਕਾਰੀ ਨੇ ਇਸ ਕੰਮ ਨੂੰ ਬੋਝ ਨਹੀਂ ਸਮਝਿਆ। ਸ. ਖਹਿਰਾ ਨੇ ਜਦੋਂ ਜੁਲਾਈ 2020 ਵਿਚ ਬਤੌਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਹੁਦਾ ਸੰਭਾਲਿਆ ਤਾਂ ਸਰਕਾਰੀ ਇਮਾਰਤਾਂ, ਜਿੰਨਾ ਵਿਚ ਲੋਕ ਨਿਰਮਾਣ ਭਵਨ, ਸਰਕਟ ਹਾਊਸ, ਬਚਤ ਭਵਨ ਆਦਿ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ, ਕਿਸੇ ਵੀ ਮਹਿਮਾਨ ਦੇ ਆਉਣ ਜਾਂ ਮੀਟਿੰਗ ਵੇਲੇ ਵੱਡੀ ਸਮੱਸਿਆ ਖੜੀ ਹੁੰਦੀ ਸੀ। ਜਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ ਦੀ ਉਸਾਰੀ ਦਾ ਕੰਮ ਵੀ ਉਸ ਵੇਲੇ ਮੱਠੀ ਚਾਲ ਨਾਲ ਚੱਲ ਰਿਹਾ ਸੀ। ਸ. ਖਹਿਰਾ ਨੇ ਜਿਲ੍ਹਾ ਪ੍ਰਸਾਸ਼ਕੀ ਕੰਪਲੈਕਸ ਲਈ ਫੰਡ ਪ੍ਰਵਾਨ ਕਰਵਾ ਕੇ ਇਸ ਨੂੰ ਆਪਣੀਆਂ ਨਿੱਜੀ ਕੋਸ਼ਿਸ਼ਾਂ ਨਾਲ ਪੂਰਾ ਕਰਵਾਇਆ। ਇਸ ਕੰਪੈਲਕਸ ਵਿਚ ਦੋ ਵੱਡੇ ਮੀਟਿੰਗ ਹਾਲ ਅਤੇ ਵੀਡੀਓ ਕਾਨਫਰੰਸ ਲਈ ਵਧੀਆ ਹਾਲਾਂ ਦੀ ਉਸਾਰੀ ਬਹੁਤ ਹੀ ਆਧੁਨਿਕ ਸਾਜੋ ਸਮਾਨ ਨਾਲ ਪੂਰੇ ਕੀਤੇ। ਇਸ ਤੋਂ ਇਲਾਵਾ ਬਚਤ ਭਵਨ, ਜੋ ਕਿ ਆਖਰੀ ਸਾਹ ਲੈ ਰਿਹਾ ਸੀ, ਨੂੰ ਮੁਰੰਮਤ ਕਰਵਾ ਕੇ ਉਸਨੂੰ ਪੁਨਰ ਸੁਰਜੀਤ ਕੀਤਾ। ਲੋਕ ਨਿਰਮਾਣ ਭਵਨ ਜਿਸਦੇ ਕਮਰੇ ਰਹਿਣਯੋਗ ਨਹੀਂ ਸਨ ਰਹੇ, ਨੂੰ ਵੀ ਮਹਿਮਾਨਾਂ ਦੇ ਰਹਿਣ ਲਈ ਬਣਾਇਆ। ਇਸ ਤੋਂ ਇਲਾਵਾ ਰਈਆ ਦਾ ਨਹਿਰੀ ਵਿਸ਼ਰਾਮ ਘਰ ਜੋ ਕਿ ਡਿੱਗਣ ਕਿਨਾਰੇ ਪਹੁੰਚ ਚੁੱਕਾ ਸੀ, ਦੀ ਇਮਾਰਤ ਦੀ ਮੁਰੰਮਤ ਕਰਵਾ ਕੇ ਉਸ ਨੂੰ ਚੰਗੀ ਠਹਿਰ ਬਣਾਇਆ।ਅੱਜ ਸ ਖਹਿਰਾ ਨੇ ਆਪਣੀ ਪਤਨੀ ਨਾਲ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਅਸ਼ੀਰਵਾਦ ਲਿਆ।

# ਫਿਰੋਜ਼ਪੁਰ ਰੋਡ @ਤੇ ਐਲੀਵੇਟਿਡ ਰੋਡ ਪ੍ਰਾਜੈਕਟ ਨਾਲ ਲੱਗਦੀਆਂ ਸਾਰੀਆਂ ਸਲਿੱਪ ਸੜਕਾਂ ਨੂੰ ਆਉਣ ਵਾਲੇ ਦਿਨਾਂ @ਚ ਦੁਬਾਰਾ ਬਣਾਇਆ ਜਾਵੇਗਾ: ਵਿਧਾਇਕ



**ਲੁਧਿਆਣਾ/ਸੁਖਚੈਨ ਮਹਿਰਾ**

ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਨੇ ਅੱਜ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਫਿਰੋਜ਼ਪੁਰ ਰੋਡ @ਤੇ ਐਲੀਵੇਟਿਡ ਰੋਡ ਪ੍ਰੋਜੈਕਟ ਦੇ ਨਾਲ ਸਾਰੀਆਂ ਸਲਿੱਪ ਸੜਕਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਦੁਬਾਰਾ ਬਣਾਇਆ ਜਾਵੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਸਲਿੱਪ ਸੜਕਾਂ @ਤੇ ਸਾਰੇ ਕਬਜ਼ਿਆਂ ਨੂੰ ਹਟਾਇਆ ਜਾਵੇ ਤਾਂ ਜੋ ਟ੍ਰੈਫਿਕ ਜਾਮ ਕਾਰਨ ਯਾਤਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਲੁਧਿਆਣਾ ਪੱਛਮੀ ਦੇ ਵਿਧਾਇਕ ਨੇ ਦੱਸਿਆ ਕਿ ਫਿਰੋਜ਼ਪੁਰ ਰੋਡ ’ਤੇ ਬਰੇਵਾਲ ਰੋਡ ਨੇੜੇ ਤੋਂ ਸ਼ੁਰੂ ਹੋ ਕੇ ਭਾਰਤ ਨਗਰ ਚੌਂਕ ਤੋਂ ਸਮਰਾਲਾ ਚੌਂਕ ਤੱਕ ਐਲੀਵੇਟਿਡ ਰੋਡ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੱਲ ਰਹੇ ਨਿਰਮਾਣ ਕਾਰਨ ਕਈ ਵਾਰ ਲੋਕਾਂ ਨੂੰ ਆਵਾਜਾਈ ਵਿੱਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਅੱਜ ਦੱਸਿਆ ਕਿ ਉਨ੍ਹਾਂ ਨੇ ਨਗਰ ਨਿਗਮ ਲੁਧਿਆਣਾ ਅਤੇ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ.) ਦੇ ਸੀਨੀਅਰ ਅਧਿਕਾਰੀਆਂ ਨਾਲ ਮਿਲ ਕੇ ਇਸ ਪ੍ਰੋਜੈਕਟ ਦਾ ਦੌਰਾ ਕੀਤਾ ਅਤੇ ਲੋੜੀਂਦੇ ਨਿਰਦੇਸ਼ ਜਾਰੀ ਕੀਤੇ।

# ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਸੁਖਜੀਤ ਦੀ ਅਗਵਾਈ ’ਚ ਉੱਘੇ ਲੇਖਕ ਬੂਟਾ ਸਿੰਘ ਚੌਹਾਨ ਦਾ ਸਿਹਤਯਾਬ ਹੋਣ ਤੇ ਸਤਿਕਾਰ

**ਲੁਧਿਆਣਾ/ਸੁਖਚੈਨ ਮਹਿਰਾ**

ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਜੀਵਨ ਮੈਂਬਰ ਤੇ ਉੱਘੇ ਲੇਖਕ ਸ ? ਬੂਟਾ ਸਿੰਘ ਚੌਹਾਨ ਦੀ ਲੰਮੀ ਬੀਮਾਰੀ ਉਪਰੰਤ ਬੀਮਾਰ ਪੁਰਸੀ ਲਈ ਲੇਖਕਾਂ ਦਾ ਵਫ਼ਦ ਅਕਾਦਮੀ ਦੇ ਕਾਰਜਕਾਰਨੀ ਮੈਂਬਰ ਤੇ ਮਾਛੀਵਾੜਾ ਵੱਸਦੇ ਕਹਾਣੀਕਾਰ ਸੁਖਜੀਤ ਦੀ ਅਗਵਾਈ ਹੇਠ ਬਰਨਾਲਾ ਪੁੱਜਾ।

ਬੂਟਾ ਸਿੰਘ ਚੌਹਾਨ ਪਿਛਲੇ ਇੱਕ ਸਾਲ ਤੋਂ ਉਹ ਲੁਧਿਆਣਾ ਦੇ ਮੋਹਨ ਦੇਈ ਹਸਪਤਾਲ ਵਿੱਚ ਇਲਾਜ ਅਧੀਨ ਰਹੇ ਹਨ। ਤਸੱਲੀ ਵਾਲੀ ਗੱਲ ਇਹ ਹੈ ਕਿ ਹੁਣ ਉਹ ਸਿਹਤਯਾਬ ਹੋ ਰਹੇ ਹਨ।



ਸੁਖਜੀਤ ਤੋਂ ਇਲਾਵਾ ਕਹਾਣੀਕਾਰ ਬਲਵਿੰਦਰ ਗਰੇਵਾਲ,ਮੁਖਤਿਆਰ ਸਿੰਘ, ਤਰਨ ਸਿੰਘ ਬੱਲ ਤੇ ਹੋਰ ਲੇਖਕਾਂ ਨੇ ਬੂਟਾ ਸਿੰਘ ਨੂੰ ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਤੇ ਬਾਕੀ ਅਹੁਦੇਦਾਰਾਂ ਵੱਲੋਂ ਗੁਲਦਸਤਾ ਭੇਂਟ ਕਰਦਿਆਂ ਸ਼ੁਭ ਕਾਮਨਾਵਾਂ ਦਿੱਤੀਆਂ। ਸਥਾਨਕ ਮੈਂਬਰਾਂ ਕਹਾਣੀਕਾਰ ਭੋਲਾ ਸਿੰਘ ਸੰਘੇੜਾ ਤੇ ਕਵੀ ਤਰਸੇਮ ਵੀ ਹਾਜ਼ਰ ਸਨ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ? ਗੁਰਭਜਨ ਸਿੰਘ ਗਿੱਲ ਨੇ ਬਰਨਾਲਾ ਜਾ ਕੇ ਲੇਖਕ ਮਿੱਤਰ ਬੂਟਾ ਸਿੰਘ ਚੌਹਾਨ ਦੀ ਖ਼ਬਰ ਸਾਰ ਲੈਣ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਡੀਆਂ ਸਾਹਿੱਤਕ ਤੇ ਸਭਿਆਚਾਰਕ ਸੰਸਥਾਵਾਂ ਨੂੰ ਇਹ ਪਿਰਤ ਅੱਗੇ ਤੋਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਬੂਟਾ ਸਿੰਘ ਚੌਹਾਨ ਸਾਡੀ ਜ਼ਬਾਨ ਦੇ ਸਮਰੱਥ ਗ਼ਜ਼ਲਗੋ , ਕਹਾਣੀਕਾਰ, ਨਾਵਲਕਾਰ, ਪੱਤਰਕਾਰ ਤੇ ਵਾਰਤਕ ਲੇਖਕ ਹਨ । ਇਨ੍ਹਾਂ ਨੂੰ ਪ੍ਰੋ. ਮੋਹਨ ਸਿੰਘ, ਦੀਪਕ ਜੈਤੋਈ ਅਤੇ ਸੰਤ ਅਤਰ ਸਿੰਘ ਘੁੰਨਸ ਸਨਮਾਨ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਬੂਟਾ ਸਿੰਘ ਦੀਆਂ ਰਚਨਾਵਾਂ ਚੋਂ ਪ੍ਰਮੁੱਖ ਗ਼ਜ਼ਲ ਸੰਗ੍ਰਹਿ ਸਿਰ ਜੋਗੀ ਛਾਂ, ਖ਼ਿਆਲ ਖ਼ੁਸ਼ਬੋ ਜਿਹਾ, ਨੈਣਾਂ ਵਿੱਚ ਸਮੁੰਦਰ ਅਤੇ ਖ਼ੁਸ਼ਬੋ ਦਾ ਕੁਨਬਾ। ਬਾਲ ਸਾਹਿਤ ; ਚਿੱਟਾ ਪੰਛੀ, ਨਿੱਕੀ ਜਿਹੀ ਡੇਕ, ਤਿੰਨ ਦੂਣੀ ਅੱਠ ਅਤੇ ਸਤਰੰਗੀਆਂ ਚਿੜੀਆਂ ਪਾਠਕਾਂ ਵੱਲੋਂ ਸਲਾਹੀਆਂ ਗਈਆਂ ਹਨ। ਬੂਟਾ ਸਿੰਘ ਨੇ ਉਨ੍ਹਾਂ ਲਈ ਸ਼ੁਭ ਕਾਮਨਾਵਾਂ ਦੇਣ ਆਏ ਸੁਖਜੀਤ ਤੇ ਬਾਕੀ ਲੇਖਕਾਂ ਦਾ ਧੰਨਵਾਦ ਕਰਦਿਆਂ ਆਪਣੀਆਂ ਨਵ ਪ੍ਰਕਾਸ਼ਿਤ ਲਿਖਤਾਂ ਭੇਟ ਕੀਤੀਆਂ। ਸ ? ਚੌਹਾਨ ਨੇ ਕਿਹਾ ਕਿ ਤੁਹਾਡੀ ਆਮਦ ਨਾਲ ਮੈਨੂੰ ਨਵੀਂ ਊਰਜਾ ਤੇ ਉਤਸ਼ਾਹ ਮਿਲਿਆ ਹੈ।

# ਕੇਂਦਰ ਸਰਕਾਰ ਦੇ ਸਹਿਯੋਗ ਤੋਂ ਬਿਨਾਂ ਪੰਜਾਬ ਤਰੱਕੀ ਨਹੀਂ ਕਰ ਸਕਦਾ

**ਬਟਾਲਾ/ਸੁਖਨਾਮ ਸਿੰਘ**

ਇਸ ਵੇਲੇ ਪੰਜਾਬ ਦੀ ਹਾਲਤ ਸ੍ਰੀ ਲੰਕਾ ਨਾਲੋਂ ਵੀ ਮਾੜੀ ਇੰਦਰ ਸੇਖੜੀ, ਸੀਨੀਅਰ ਉਦਯੋਗਪਤੀ ਅਤੇ ਭਾਜਪਾ ਆਗੂ ਨੇ ਪੰਜਾਬ ਦੀ ਆਰਥਿਕਤਾ ਬਾਰੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਮਾਰਚ 2022 ਹਰਿਆਣਾ ਦਾ ਜੀਐਸਟੀ ਕੁਲੈਕਸ਼ਨ 6,654 ਕਰੋੜ ਰੁਪਏ ਹੈ ਅਤੇ ਪੰਜਾਬ ਦਾ ਹੈ। 1,572 ਹਰਿਆਣਾ ਇੱਕ ਬਹੁਤ ਛੋਟਾ ਰਾਜ ਜੋ 50 ਸਾਲ ਪਹਿਲਾਂ ਪੰਜਾਬ ਦਾ ਹਿੱਸਾ ਸੀ ਅੱਜ ਪੰਜਾਬ ਨਾਲੋਂ 4.25 ਗੁਣਾ ਜੀਐਸਟੀ ਵਸੂਲਦਾ ਹੈ। ਅਤੇ ਹੁਣ ਪੰਜਾਬ ਸਰਕਾਰ ਬਹੁਤ ਸਾਰੀਆਂ ਮੁਫਤ ਸਹੂਲਤਾਂ ਦੇਵੇਗੀ ਜਦੋਂ ਉਹਨਾਂ ਕੋਲ ਆਪਣੇ ਇਮੂਆ ਨੂੰ ਤਨਖਾਹ ਦੇਣ ਅਤੇ ਉਹਨਾਂ ਦੇ ਕਰਜ਼ੇ @ਤੇ ਵਿਆਜ ਦੇਣ ਲਈ ਵੀ ਪੈਸੇ ਨਹੀਂ ਹਨ। ਅੱਜ ਸ਼੍ਰੀਲੰਕਾ @ਤੇ HC USD ਬਿਲੀਅਨ ਦੇ GDP @ਤੇ US$G ਬਿਲੀਅਨ ਦਾ *ਕਰਜ਼ਾ* ਹੈ। *ਪੰਜਾਬ @ਤੇ 69 ”♥4 ਬਿਲੀਅਨ ਦੇ ਜੀਡੀਪੀ @ਤੇ 40 ਬਿਲੀਅਨ ਡਾਲਰ ਦਾ ਕਰਜ਼ਾ ਹੈ।



ਕਰਜ਼ਾ: ਸ੍ਰੀਲੰਕਾ ਦਾ ਜੀਡੀਪੀ ਅਨੁਪਾਤ 1:12 ਹੈ ਅਤੇ ਪੰਜਾਬ ਦਾ 1:1.72 ਹੈ। ਜੇਕਰ ਪੰਜਾਬ ਆਜ਼ਾਦ ਦੇਸ਼ ਹੁੰਦਾ ਤਾਂ ਇਹ ਪੂਰੀ ਤਰ੍ਹਾਂ ਫੇਲ੍ਹ ਸੂਬਾ ਹੁੰਦਾ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਸ੍ਰੀਲੰਕਾ ਵਾਂਗ ਸਿਵਲ ਅਸ਼ਾਂਤੀ ਬਰਦਾਸ਼ਤ ਨਹੀਂ ਕਰ ਸਕਦੇ ਕਿਉਂਕਿ ਪੰਜਾਬ ਇੱਕ ਬੋਰਡਰ ਸੂਬਾ ਹੈ। ਇਸ ਨੇ ਪਹਿਲਾਂ ਹੀ ਅੱਤਵਾਦ ਨੂੰ ਦੇਖਿਆ ਹੈ ਅਤੇ ਪਿਛਲੀ ਸਰਕਾਰ ਦੀਆਂ ਗਲਤ ਨੀਤੀਆਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਨੌਜਵਾਨਾਂ ਵਿੱਚ ਮੌਜੂਦਾ ਨਸ਼ੇ ਦੀ ਸਮੱਸਿਆ ਇੱਕ ਹੋਰ ਚਿੰਤਾ ਦਾ ਵਿਸ਼ਾ ਹੈ।

ਇਹ ਸਮੱਸਿਆਵਾਂ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਹੀ ਹੱਲ ਹੋ ਸਕਦੀਆਂ ਹਨ। ਕੇਂਦਰ ਸਰਕਾਰ ਇਸ ਵੇਲੇ ਸਾਡੇ ਗੁਆਂਢੀ ਮੁਲਕਾਂ ਦੀ ਮਦਦ ਕਰ ਰਹੀ ਹੈ ਕਿਉਂਕਿ ਇਨ੍ਹਾਂ ਮੁਲਕਾਂ ਨੇ ਚੀਨ ਤੋਂ ਵਿਸ਼ਵਾਸ ਗੁਆ ਲਿਆ ਹੈ ਜੋ ਪਹਿਲਾਂ ਉਨ੍ਹਾਂ ਮੁਲਕਾਂ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਸੀ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੀ ਕਾਂਗਰਸ ਸਰਕਾਰ ਵਾਂਗ ਆਪਣੇ ਵਾਅਦੇ ਪੂਰੇ ਨਹੀਂ ਕਰ ਸਕੇਗੀ।

# ਪੁਲਿਸ ਕਮਿਸ਼ਨਰੇਟ ਲੁਧਿਆਣਾ ਦੀ ਹਦੂਦ ’ਚ ਸਾਊਡ ਸਿਸਟਮ ਰਾਹੀ ਨਸ਼ਿਆਂ ਦੇ ਪ੍ਰਚਾਰ ਕਰਨ ਵਾਲੇ ਗਾਣੇ ਚਲਾਉਣ ’ਤੇ ਪਾਬੰਦੀ

**ਲੁਧਿਆਣਾ/ਸੁਖਚੈਨ ਮਹਿਰਾ:-** ਡਿਪਟੀ ਕਮਿਸ਼ਨਰ ਪੁਲਿਸ, ਇੰਨਵੈਸਟੀਗੇਸ਼ਨ, (ਜੁਆਇੰਟ ਕਮਿਸ਼ਨਰ ਪੁਲਿਸ ਸਥਾਨਕ), ਲੁਧਿਆਣਾ ਸ੍ਰੀ ਵਰਿੰਦਰ ਸਿੰਘ ਬਰਾੜ ਨੇ ਜ਼ਾਬਤਾ ਫੌਜਦਾਰੀ ਸੰਘਤਾ 1973(1974 ਦਾ ਐਕਟ ਨੰ 2) ਦੀ ਧਾਰਾ 144 ਅਧੀਨ ਸੌਂਪੇ ਗਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੁਲਿਸ ਕਮਿਸ਼ਨਰੇਟ, ਲੁਧਿਆਣਾ ਦੇ ਇਲਾਕੇ ਅੰਦਰ ਗਾਣਿਆਂ ਰਾਹੀ ਸ਼ਰਾਬ, ਨਸ਼ੇ ਆਦਿ ਦੇ ਪ੍ਰਚਾਰ ਕਰਨ ਵਾਲੇ ਗਾਣਿਆ ਨੂੰ ਸਾਊਡ ਸਿਸਟਮ ਰਾਹੀ ਉਚੀ ਅਵਾਜ ਵਿੱਚ ਚਲਾਉਣ @ਤੇ ਤੁਰੰਤ ਪਾਬੰਦੀ ਲਗਾਈ ਗਈ ਹੈ। ਡਿਪਟੀ ਕਮਿਸ਼ਨਰ ਪੁਲਿਸ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਆਮ ਪਬਲਿਕ ਵੱਲੋ ਲਾਈਵ ਸ਼ੋਅ ਕਰਵਾਏ ਜਾਦੇ ਹਨ। ਇੰਨ੍ਹਾਂ ਲਾਈਵ ਸ਼ੋਆ ਦੋਰਾਨ ਉਚੀ ਅਵਾਜ ਵਿੱਚ ਸਾਊਡ ਸਿਸਟਮ ਲਗਾ ਕੇ ਗਾਇਕਾ ਵੱਲੋ ਗਾਏ ਗਏ ਗਾਣਿਆ ਰਾਹੀ ਸ਼ਰਾਬ, ਨਸ਼ਿਆ ਆਦਿ ਦਾ ਪ੍ਰਚਾਰ ਕੀਤਾ ਜਾਂਦਾ ਹੈ ਜਿਸ ਕਾਰਨ ਲੜਾਈ ਝਗੜਾਂ ਹੋਣ ਅਤੇ ਜਾਨੀ ਮਾਲੀ ਨੁਕਸ਼ਾਨ ਹੋਣ ਦਾ ਖਦਸਾ ਬਣਿਆ ਰਹਿੰਦਾ ਹੈ। ਇਸ ਤੋ ਇਲਾਵਾ ਗਾਣਿਆ ਰਾਹੀ ਨਸ਼ਿਆ ਦੇ ਪ੍ਰਚਾਰ ਕਾਰਨ ਨਵੀਂ ਪੀੜ੍ਹੀ ਦੇ ਨੋਜਵਾਨਾ ਵਿੱਚ ਨਸ਼ੇ ਦੇ ਸੇਵਨ ਵਿੱਚ ਵਾਧਾ ਹੁੰਦਾ ਹੈ। ਇਸ ਲਈ ਇਸ ਪ੍ਰਕਿਰਿਆ ਨੂੰ ਰੋਕਣ ਲਈ ਪਬਲਿਕ ਹਿੱਤ ਵਿਚ ਅਤੇ ਆਮ ਜਨਤਾ ਦੀ ਜਾਨ ਮਾਲ ਦੀ ਰਾਖੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਲਾਈਵ ਸ਼ੋਆਂ ਦੋਰਾਨ ਉਚੀ ਅਵਾਜ ਵਿੱਚ ਸਾਊਡ ਸਿਸਟਮ ਲਗਾਕੇ ਗਾਇਕਾ ਵੱਲੋ ਗਾਏ ਗਏ ਗਾਣਿਆ ਰਾਹੀ ਸ਼ਰਾਬ, ਨਸ਼ੇ ਆਦਿ ਦੇ ਪ੍ਰਚਾਰ ਕਰਨ ਵਾਲੇ ਗਾਣਿਆ ਨੂੰ ਸਾਊਡ ਸਿਸਟਮ ਰਾਹੀ ਉਚੀ ਅਵਾਜ ਵਿੱਚ ਚਲਾਉਣ @ਤੇ ਤੁਰੰਤ ਪਾਬੰਦੀ ਲਗਾਈ ਜਾਂਦੀ ਹੈ।



# ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਲੇਬਰ ਸਕੂਲ, ਹੰਬੜਾਂ ਰੋਡ, ਲੁਧਿਆਣਾ ਅਤੇ ਸਿਵਲ ਹਸਪਤਾਲ ਲੁਧਿਆਣਾ ਵਿਖੇ ਲੰਗਰ ਦੀ ਸੇਵਾ ਸ਼ੁਰੂ ਕਰਨ ਦਾ ਕੀਤਾ ਉਦਘਾਟਨ

## ਕਿਹਾ ! ਇਹ ਸੇਵਾ ਬਾਬਾ ਮਨਜੀਤ ਸਿੰਘ ਧੰਨ ਗੁਰੂ ਰਾਮ ਦਾਸ ਲੰਗਰ ਸੇਵਾ ਸੁਸਾਇਟੀ ਵੱਲੋਂ ਕੀਤੀ ਜਾ ਰਹੀ ਹੈ

**ਲੁਧਿਆਣਾ/ਸੁਖਚੈਨ ਮਹਿਰਾ**

ਅੱਜ ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਲੇਬਰ ਸਕੂਲ, ਡੇਅਰੀ ਕੰਪਲੈਕਸ, ਨੇੜੇ ਤਹਿਸੀਲ ਦਫਤਰ, ਹੰਬੜਾਂ ਰੋਡ, ਲੁਧਿਆਣਾ ਵਿਖੇ ਲੰਗਰ ਦੀ ਸੇਵਾ ਸ਼ੁਰੂ ਕਰਨ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਸੇਵਾ ਬਾਬਾ ਮਨਜੀਤ ਸਿੰਘ ਜੀ ਧੰਨ ਗੁਰੂ ਰਾਮ ਦਾਸ ਲੰਗਰ ਸੇਵਾ ਸੁਸਾਇਟੀ ਵੱਲੋਂ ਤਨ-ਮਨ ਨਾਲ ਕੀਤੀ ਜਾ ਰਹੀ ਹੈ। ਇਸ ਮੌਕੇ ਐਡਵੋਕੇਟ ਹਰੀ ਓਮ ਜਿੰਦਲ, ਬੂਟਾ ਸਿੰਘ, ਸ੍ਰੀ ਮੱਖਣ ਸਿੰਘ ਯੂ।ਐਸ।ਏ., ਪ੍ਰਦੀਪ ਕਪੂਰ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਧੰਨ ਗੁਰੂ ਰਾਮ ਦਾਸ ਲੰਗਰ ਸੇਵਾ ਸੁਸਾਇਟੀ ਵੱਲੋਂ ਲੇਬਰ ਸਕੂਲ ਵਿੱਚ ਬੱਚਿਆਂ ਨੂੰ ਸਵੇਰ ਦਾ ਨਾਸ਼ਤਾ, ਦੁਪਿਹਰ ਦਾ ਖਾਣਾ ਮੁਫਤ, ਸਾਫ ਸੁਥਰਾ ਅਤੇ ਤਾਜ਼ਾ ਦਿੱਤਾ ਜਾਵੇਗਾ।



ਇਸ ਤੋਂ ਉਪਰੰਤ ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀ ਵਰਿੰਦਰ ਕੁਮਾਰ ਸ਼ਰਮਾ ਅਤੇ ਬਾਬਾ ਮਨਜੀਤ ਸਿੰਘ ਜੀ ਧੰਨ ਗੁਰੂ ਰਾਮ ਦਾਸ ਲੰਗਰ ਸੇਵਾ ਸੁਸਾਇਟੀ ਵੱਲੋਂ ਸਿਵਲ ਹਸਪਤਾਲ ਲੁਧਿਆਣਾ ਵਿਖੇ ਲੰਗਰ ਦੀ ਸੇਵਾ ਸ਼ੁਰੂ ਕਰਨ ਦਾ ਉਦਘਾਟਨ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਸਿਵਲ ਹਸਪਤਾਲ @ਚ ਦਾਖਲ ਮਰੀਜ਼ਾਂ ਦੇ ਨਾਲ ਲੋੜਵੰਦ ਵਿਅਕਤੀਆਂ ਨੂੰ ਆਪਣੇ ਹੱਥੀ ਪ੍ਰਸ਼ਾਦਾ ਵਰਤਾਇਆ ਗਿਆ। ਇਸ ਮੌਕੇ ਸਿਵਲ ਸਰਜਨ ਲੁਧਿਆਣਾ ਡਾ.ਐਸ.ਪੀ.ਸਿੰਘ ਵਿਸ਼ੇਸ਼ ਤੌਰ @ਤੇ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਸੰਸਥਾ ਜਿਹੜੀ ਕਿ ਪੂਰੇ ਪੰਜਾਬ ਵਿੱਚ ਇਹ ਸੇਵਾ ਨਿਭਾਅ ਰਹੀ ਸੀ ਜਿਹੜੀ ਕਿ ਹੁਣ ਲੁਧਿਆਣਾ ਵਿੱਚ ਵੀ ਆਪਣੀ ਸੇਵਾ ਨਿਭਾਵੇਗੀ। ਡਿਪਟੀ ਕਮਿਸ਼ਨਰ ਲੁਧਿਆਣਾ ਨੇ ਦੱਸਿਆ ਕਿ ਇਸ ਸੰਸਥਾ ਵੱਲੋਂ ਪੂਰੇ ਪੰਜਾਬ ਦੇ ਸਿਵਲ ਹਸਪਤਾਲਾਂ ਵਿੱਚ ਲੰਗਰ ਦੀ ਸੇਵਾ ਨਿਸ਼ਕਾਮ ਭਾਵਨਾ ਨਾਲ ਚਲਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਲੁਧਿਆਣਾ ਨੇ ਦੱਸਿਆ ਕਿ ਇਸ ਲੰਗਰ ਸੇਵਾ ਨਾਲ ਸਿਵਲ ਹਸਪਤਾਲ ਲੁਧਿਆਣਾ ਦੇ ਮਰੀਜ਼ਾਂ ਨੂੰ ਬਹੁਤ ਸਹਾਇਤਾ ਮਿਲੇਗੀ।



ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਧੰਨ ਗੁਰੂ ਰਾਮ ਦਾਸ ਸਾਹਿਬ ਜੀ ਲੰਗਰ ਸੇਵਾ ਸਥਾਨ, ਪੁਰ-ਹੀਰਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਾਹ ਫਰਵਰੀ -2019 ਨੂੰ ਵਿਚ ਇਹ ਲੰਗਰ ਸੇਵਾ ਆਰੰਭ ਹੋਈ, ਜਿਸ ਵਿੱਚ ਲੰਗਰ ਪ੍ਰਸ਼ਾਦਾ ਤਿਆਰ ਕਰਨ ਲਈ ਅਧੁਨਿਕ ਮਸ਼ੀਨਾਂ ਲਗਾਈਆਂ ਗਈਆਂ ਹਨ। ਇਸ ਲੰਗਰ ਸਥਾਨ ਵਿੱਚ ਸਵੱਛਤਾ ਦਾ ਪੂਰਨ ਧਿਆਨ ਰੱਖਦੇ ਹੋਏ ਸੰਗਤਾਂ ਲਈ ਸਵੇਰ ਦਾ ਨਾਸਤਾ, ਦੁਪਿਹਰ ਅਤੇ ਰਾਤ ਲਈ ਲੰਗਰ ਪ੍ਰਸਾਦਾ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਮਾਹ ਫਰਵਰੀ - 2019 ਤੇ ਸਿਵਲ ਹਸਪਤਾਲ, ਗੁਰਦਾਸਪੁਰ, ਬਟਾਲਾ, ਹੁਸ਼ਿਆਰਪੁਰ, ਜਲੰਧਰ, ਨਵਾਂਸ਼ਹਿਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਅਜਵਾਲ ( ਜਿਲ੍ਹਾ ਹੁਸ਼ਿਆਰਪੁਰ ) ਵਿਖੇ ਲੋੜਵੰਦ ਸੰਗਤਾਂ ਨੂੰ ਵੀ ਲੰਗਰ ਦੀ ਸੇਵਾ ਆਰੰਭ ਕੀਤੀ ਗਈ ਸੀ। ਇਸ ਲੰਗਰ ਸੇਵਾ ਵੱਲੋਂ ਫਰਵਰੀ 2019 ਤੋਂ ਲੈ ਕੇ ਮਾਝਾ ਤੇ ਦੁਆਬਾ ਵਿਖੇ ਪੌਦੇ ਸਮੂਹ ਸਿਵਲ ਹਸਪਤਾਲਾਂ ਬਟਾਲਾ, ਗੁਰਦਾਸਪੁਰ, ਮੁਕੇਰੀਆ, ਭੂੰਗਾ, ਗੜਦੀਵਾਲ, ਨਕੋਦਰ, ਫਿਲੌਰ, ਫਗਵਾੜਾ, ਕਪੂਰਥਲਾ, ਜਲੰਧਰ, ਗੜ੍ਹਸ਼ੰਕਰ, ਰੋਪੜ, ਸ੍ਰੀ ਅਨੰਦਪੁਰ ਸਾਹਿਬ, ਪਟਿਆਲਾ, ਖੰਨਾ ਅਤੇ ਅੰਮ੍ਰਿਤਸਰ ਵਿਖੇ ਵੀ ਲੰਗਰ ਸੇਵਾਵਾਂ ਚੱਲ ਰਹੀਆਂ ਹਨ। ਰੋਜਾਨਾ ਤਕਰੀਬਨ 82000 ਸੰਗਤਾਂ ਲਈ ਲੰਗਰ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਲੰਗਰ ਸਥਾਨ ਵਿਖੇ ਵੀ ਰੋਜਾਨਾ ਕਰੀਬ 700 ਸੰਗਤਾਂ ਪ੍ਰਸ਼ਾਦਾ ਛਕਦੀਆਂ ਹਨ। ਡਿਪਟੀ ਕਮਿਸ਼ਨਰ ਲੁਧਿਆਣਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਮਾਲਵਾ ਏਰੀਆ ਵਿੱਚ ਸ੍ਰੀ ਮੁਕਤਸਰ ਸਾਹਿਬ ( ਮਧੀਰ ) ਵਿਖੇ ਨਵਾਂ ਲੰਗਰ ਹਾਲ ਤਿਆਰ ਕਰਕੇ ਇਸ ਲੰਗਰ ਸੇਵਾ ਸਥਾਨ ਤੇ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ, ਗਿੱਦੜਬਾਹਾ, ਫਾਜਿਲਕਾ, ਮਾਨਸਾ, ਅਬੋਹਰ, ਫਿਰੋਜਪੁਰ, ਜੀਰਾ, ਫਰੀਦਕੋਟ, ਮੋਗਾ, ਬਠਿੰਡਾ, ਸੰਗਰੂਰ ਅਤੇ ਬਰਨਾਲਾ ਵਿੱਚ ਵੀ ਲੰਗਰ ਸੇਵਾਵਾਂ ਚੱਲ ਰਹੀਆਂ ਹਨ। ਮਾਹ ਨਵੰਬਰ 2020 ਤੋਂ ਇਸ ਲੰਗਰ ਸੇਵਾ ਸਥਾਨ ਵੱਲੋਂ ਮੋਬਾਈਲ ਗੱਡੀਆਂ ਰਾਹੀਂ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਹੁਸ਼ਿਆਰਪੁਰ ਦੇ ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ ਵਿਖੇ ਲੰਗਰ ਸੇਵਾ ਸ਼ੁਰੂ ਕੀਤੀ ਹੋਈ ਹੈ। ਇਨ੍ਹਾਂ ਗੱਡੀਆਂ ਰਾਹੀਂ ਰੋਜਾਨਾ ਕਰੀਬ 25000 ਸੰਗਤਾਂ ਨੂੰ ਚੱਲ ਫਿਰ ਕੇ ਵੱਖ-ਵੱਖ ਜਗ੍ਹਾ @ਤੇ ਲੰਗਰ ਛਕਾਇਆ ਜਾ ਰਿਹਾ ਹੈ। ਮਾਰਚ 2020 ਵਿਚ ਕਰੋਨਾ ਵਾਇਰਸ ਕਾਰਨ ਫੈਲੀ ਮਹਾਂਮਾਰੀ ਦੌਰਾਨ ਰਾਜ ਸਰਕਾਰ ਵੱਲੋਂ ਅਹਿਤਿਆਤ ਵਜੋਂ ਲਗਾਏ ਗਏ ਕਰਫਿਊ ਕਾਰਨ ਆਮ ਜਨਤਾ ਨੂੰ ਰੋਟੀ ਦਾ ਪ੍ਰਬੰਧ ਕਰਨ ਵਿੱਚ ਬਹੁਤ ਮੁਸ਼ਕਿਲ ਪੇਸ਼ ਆ ਰਹੀ ਸੀ। ਉਸ ਸਮੇਂ ਇਸ ਲੰਗਰ ਸੇਵਾ ਸਥਾਨ ਵੱਲੋਂ ਲੋਕਾਂ ਨੂੰ ਪੇਸ਼ ਆ ਰਹੀ ਮੁਸ਼ਕਿਲ ਦਾ ਧਿਆਨ ਰੱਖਦੇ ਹੋਏ, ਰੋਜਾਨਾ ਕੀਬ 1,80,000 (ਇਕ ਲੇਖ ਅੱਸੀ ਹਜਾਰ), ਸੰਗਤਾਂ ਲਈ ਲੰਗਰ ਤਿਆਰ ਕਰਕੇ ਲੋੜਵੰਦ ਜਗ੍ਹਾਵਾਂ @ਤੇ ਲੰਗਰ ਪਹੁੰਚਾਉਣ ਲਈ ਆਪਣੀਆਂ 30 ਗੱਡੀਆਂ ਦਾ ਪ੍ਰਬੰਧ ਕਰਕੇ ਰੋਜਾਨਾ ਕਰੀਬ 11-12 ਲੱਖ ਰੁਪਏ ਦੇ ਖਰਚੇ ਨਾਲ ਸੰਗਤਾਂ ਨੂੰ ਵੀ ਲੰਗਰ ਛਕਾਇਆ ਜਾਂਦਾ ਰਿਹਾ ਹੈ। ਡਿਪਟੀ ਕਮਿਸ਼ਨਰ ਲੁਧਿਆਣਾ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਇਸਦੇ ਆਸ - ਪਾਸ ਦੇ ਇਲਾਕੇ ਅਧੀਨ ਆਉਂਦੇ ਲੋੜਵੰਦ ਪਰਿਵਾਰਾਂ ਅਤੇ ਝੁੱਗੀ ਝੌਪੜੀ ਵਿੱਚ ਰਹਿਣ ਵਾਲੇ ਪਰਿਵਾਰਾਂ ਨੂੰ ਲੰਗਰ ਪ੍ਰਸ਼ਾਦਾ ਅਤੇ ਹੋਰ ਜ਼ਰੂਰੀ ਵਸਤਾਂ ਪਹੁੰਚਾਉਣ ਲਈ ਸੰਸਥਾ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲੰਗਰ ਸੇਵਾ ਲਈ ਮੋਬਾਈਲ ਨੰ: 98552-53030 , 99143-35125 @ਤੇ ਸੰਪਰਕ ਕੀਤਾ ਜਾ ਸਕਦਾ ਹੈ।